# ਕੈਨੇਡਾ ਦਰਪਣ

13 ਨਵੰਬਰ, 1987

**November 13, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Price 50¢ Weekending November 13, 1987 Vol. 6 No. 41 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## ਲਿਬਰੇਸ਼ਨ ਫਰੰਟ ਦਾ ਕੁਲਦੀਪ ਸਿੰਘ ਮੁਛੱਲ ਮਾਰਿਆ ਗਿਆ

# ਦੋ ਦਿਨਾਂ ਵਿਚ 16 ਵਿਅਕਤੀ ਕਤਲ

ਚੰਡੀਗੜ੍ਹ — ਦਹਿਸ਼ਤਗਰਦਾਂ ਨੇ ਬੇਕਸੂਰ ਬੰਦਿਆਂ ਉਤੇ ਗੋਲੀ ਚਲਾ ਕੇ ਪਿਛਲੇ ਦਿਨਾਂ ਵਿਚ 16 ਵਿਅਕਤੀ ਕਤਲ ਕੀਤੇ ਹਨ। ਚੰਡੀਗੜ੍ਹ ਦੇ ਨੇੜੇ ਬਾਘਾ ਕਲਾਂ ਵਿਚ 8 ਬੰਦੇ ਕਤਲ ਕੀਤੇ ਅਤੇ ਹੁਸ਼ਿਆਰਪੁਰ ਦੇ ਬਾੜੀਆਂ ਕਲਾਂ ਵਿਚ ਵੀ ਮਰਨ ਵਾਲਿਆਂ ਦੀ ਗਿਣਤੀ ਅੱਠ ਹੋ ਗਈ ਹੈ। ਬਾੜੀਆਂ ਕਲਾਂ ਦੇ ਕਾਂਡ ਵਿਚ ਸ਼ਾਮਲ ਦੋ ਦਹਿਸ਼ਤਗਰਦ ਕੱਲ੍ਹ ਮਾਰੇ ਗਏ ਹਨ। ਉਸਤੋਂ 'ਖਾਲਿਸਤਾਨ' ਲਿਬਰੇਸ਼ਨ ਫਰੰਟ ਦਾ ਉਘਾ ਆਗੂ ਕੁਲਦੀਪ ਸਿੰਘ ਮੁਛੱਲ ਵੀ ਮਾਰਿਆ ਗਿਆ ਹੈ।

### ਬਾਘਾ ਕਲਾਂ ਕਾਂਡ

ਇਥੋਂ 40 ਕਿਲੋਮੀਟਰ ਦੂਰ ਸਥਿਤ ਬਾਘਾ ਕਲਾਂ ਵਿਚ ਵਾਪਰਿਆ ਹਾਦਸਾ ਦਿਲ ਹਿਲਾਉਣ ਵਾਲਾ ਦੱਸਿਆ ਜਾਂਦਾ ਹੈ। ਛੇ ਦਹਿਸ਼ਤਗਰਦ ਦੋ ਟੋਲੀਆਂ ਵਿਚ ਪਿੰਡ ਵਿਚ ਵੜੇ ਤੇ ਇਕ ਟੋਲੀ ਨੇ ਚਾਹ ਦੀ ਦੁਕਾਨ ਉਤੇ ਬੈਠੇ ਚਾਰ ਬੰਦੇ ਖੜ੍ਹੇ ਕਰ ਲਏ। ਪਹਿਲਾਂ ਉਨ੍ਹਾਂ ਨੂੰ ਭੱਜਣ ਦਾ 'ਹੁਕਮ' ਦਿਤਾ ਗਿਆ — ਜਦ ਉਹ ਭੱਜ ਪਏ ਤਾਂ ਚਾਹੁੰਆਂ ਨੂੰ ਗੋਲੀਆਂ ਦੀ ਬੁਛਾੜ ਨਾਲ ਭੁੰਨ ਦਿਤਾ ਗਿਆ। ਲੋਕਾਂ ਵਿਚ ਕੁਰਲਾਹਟ ਫੈਲ ਗਈ।

### ਹਰੀਜਨ ਕਤਲ

ਦੂਜੀ ਟੋਲੀ ਹਰੀਜਨਾਂ ਦੀ ਬਸਤੀ ਵਿਚ ਜਾ ਵੜੀ ਜਿਥੇ ਅੰਧਾਧੁੰਧ ਗੋਲੀਆਂ ਚਲਾਈਆਂ ਗਈਆਂ। ਤਿੰਨ ਬੰਦੇ ਮੌਕੇ ਉਤੇ ਹੀ ਮਾਰ ਦਿੱਤੇ ਗਏ। ਇਕ ਔਰਤ ਵੀ ਹਲਾਕ ਹੋ ਗਈ। ਹਰੀਜਨਾਂ ਨੂੰ 'ਖਾਲਿਸਤਾਨ' ਦੇ ਨਾਅਰੇ ਲਾਉਣ ਲਈ ਕਿਹਾ ਗਿਆ। ਗੋਲੀਆਂ ਨਾਲ ਭੁੰਨੇ ਵਿਅਕਤੀਆਂ ਦੀਆਂ ਲਾਸ਼ਾਂ ਤੱਕ ਕੇ ਹਰੀਜਨਾਂ ਨੇ ਨਾਅਰੇ ਲਾਉਣ ਤੋਂ ਇਨਕਾਰ ਕਰ ਦਿੱਤਾ। ਖਾਲਿਸਤਾਨੀ ਦਹਿਸ਼ਤਗਰਦ ਹਰੀਜਨਾਂ ਨੂੰ ਗਾਲ੍ਹਾਂ ਕੱਢਦੇ ਪਿੰਡ ਵਿਚੋਂ ਖਿਸਕ ਗਏ।

### ਪੁਲਸ ਵਲੋਂ ਪਿੱਛਾ

ਘਟਨਾ ਤੋਂ ਪਿਛੋਂ ਪੁਲਸ ਨੇ ਦਹਿਸ਼ਤਗਰਦਾਂ ਦਾ ਪਿੱਛਾ ਕੀਤਾ। ਘੇਰੇ ਵਿਚ ਆਏ ਦਹਿਸ਼ਤਗਰਦਾਂ ਵਿਚੋਂ ਦੋ ਮਾਰੇ ਗਏ। ਦਹਿਸ਼ਤਗਰਦਾਂ ਦੇ ਖਾਕੀ ਕਮੀਜ਼ਾਂ ਤੇ ਬਸੰਤੀ ਪੱਗਾਂ ਬੰਨ੍ਹੀਆਂ ਹੋਈਆਂ ਸਨ। ਮਰੇ ਹੋਏ ਦਹਿਸ਼ਤਗਰਦਾਂ ਕੋਲ ਇਕ ਚੀਨੀ ਮਾਰਕਾ ਬੰਦੂਕ, ਦੋ ਪਿਸਤੌਲ ਤੇ ਹੱਥ ਗੋਲੇ ਫੜੇ ਗਏ।

ਬਾਕੀ ਪੰਨਾ 3 'ਤੇ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਵਸ ਦੀ ਸਾਰਿਆਂ ਨੂੰ ਵਧਾਈ ਹੋਵੇ!



ਨਨਕਾਣਾ ਪਿਆਰਾ ਤੇ ਸੱਚਾ ਸੌਦਾ ਸਾਥੋਂ ਖੁਸ ਗਿਆ,
ਮਰਦਾਨੇ ਦੇ ਭਾਈ ਵਿਛੜ ਗਏ ਤੇ ਬਾਲਾ ਵੀ ਹੈ ਰੁੱਸ ਗਿਆ।

ਲਹਿਲਹਾਉਂਦਾ ਪੰਜਾਬ ਇਹ ਸ਼ਮਸ਼ਾਨ ਬਣਦਾ ਜਾ ਰਿਹਾ,
ਫੁੱਲ ਰੋਂਦੇ, ਫੁੱਲ ਤੋੜੇ—ਵੀਰਾਨ ਬਣਦਾ ਜਾ ਰਿਹਾ।

ਬੁਲਬੁਲ ਭੌਰੇ ਤਿੱਤਲੀਆਂ ਨਾ ਨਜ਼ਰ ਕਿਧਰੇ ਆ ਰਹੇ,
ਫੁੱਲਾਂ ਦੀ ਥਾਂ ਕੰਡੇ ਉੱਗੇ, ਉੱਲੂ ਨੇ ਕੁਰਲਾ ਰਹੇ।

ਬਹਾਰਾਂ ਨੇ ਏਥੋਂ ਉਡੀਆਂ, ਕਹਿਰੀ ਝੱਖੜ ਝੁਲ ਰਹੇ,
ਵਸਦੇ ਰਸਦੇ ਘਰਾਂ ਦੇ ਦੀਵੇ ਹੈ ਨੇ ਗੁੱਲ ਰਹੇ।

ਮਿੱਠੇ ਕੀਤੇ ਰੀਠੇ ਅੱਜ ਅੱਕ ਕੌੜੇ ਹੋ ਗਏ,
ਖੂਨ ਚਿੱਟਾ ਹੋ ਗਿਆ, ਸੀਨੇ ਨੇ ਸੌੜੇ ਹੋ ਗਏ।

ਮਨੁੱਖਤਾ ਦੇ ਫੁੱਲ ਵਿਚੋਂ, ਖੁਸ਼ਬੂ ਸਾਰੀ ਉਡ ਗਈ,
ਨਫਰਤ ਦੇ ਕੰਡਿਆਂ ਦੀ ਸੂਲ ਸੀਨੇ ਪੁੜ ਗਈ।

ਕਿਸ ਚੰਦਰੇ ਦੀ ਨਜ਼ਰ ਲੱਗੀ, ਜ਼ੁਲਮ ਦੀ ਅਤਿ ਹੋ ਗਈ,
ਸਰਸਬਜ਼ ਧਰਤ ਪੰਜਾਬ ਦੀ ਅੱਜ ਰੱਤੋ ਰੱਤ ਹੋ ਗਈ।

ਕੁਰਾਨ, ਗ੍ਰੰਥ ਤੇ ਗੀਤਾ ਤੈਂ ਇਕੱਠੇ ਕੀਤੇ ਸੀ,
ਕਿਰਤੀ ਨੂੰ ਸਤਿਕਾਰ ਤੈਂ ਦਿਤਾ, ਪਾਟੇ ਸੀਨੇ ਸੀਤੇ ਸੀ।

ਚੱਵੀ ਘੰਟੇ ਅੱਜ ਨਾ, ਸੁੱਖ ਨਾਲ ਨੇ ਲੰਘਦੇ,
ਕਤਲ, ਡਾਕੇ, ਹੱਤਿਆ ਦੇ ਹੈਡਿੰਗ ਨੇ ਡੰਗਦੇ।

ਘੁੱਟਿਆ ਘੁੱਟਿਆ ਮਾਹੌਲ ਤੇ ਹਰ ਪਾਸੇ ਸਹਿਮ ਹੈ,
ਨਾ ਕਿਸੇ ਨੂੰ ਪਿਆਰ ਹੈ ਨਾ ਕਿਸੇ ਦਾ ਰਹਿਮ ਹੈ।

ਅਸੀਂ ਉਸ ਦੇਸ਼ ਦੇ ਵਾਸੀ ਹਾਂ, ਜਿਥੇ ਗੰਗਾ ਵਹਿੰਦੀ ਹੈ,
ਏਕ ਪਿਤਾ ਏਕਸ ਕੇ ਹਮ ਬਾਰਕ, ਬਾਣੀ ਇਹੋ ਕਹਿੰਦੀ ਹੈ।

ਪ੍ਰਭੂ ਨੂੰ ਮਿਲਣੇ ਦਾ ਰਸਤਾ ਹੈ, ਇਕੋ, ਹਰ ਇਕ ਨੂੰ ਪਿਆਰ ਕਰੋ,
ਅਪਣਾਓ ਇਸ ਸਿੱਖਿਆ ਨੂੰ ਤੇ ਹੋਰਾਂ ਨੂੰ ਵੀ ਤਿਆਰ ਕਰੋ।

ਦੱਸੀਂ ਬਾਬਾ ਨਾਨਕਾ ਇਹ ਆਫਤ ਕੇਹੀ ਆ ਗਈ,
ਸੋਗੀ ਹਵਾਵਾਂ ਝੁੱਲੀਆਂ, ਸਹਿਮ ਉਦਾਸੀ ਛਾ ਗਈ।

ਰੰਗਲਾ ਫੁੱਲ ਗੁਲਾਬ ਦਾ ਅੱਜ ਫਿੱਕਾ ਫਿੱਕਾ ਹੋ ਰਿਹਾ,
ਔਰਤਾਂ ਕੀਰਨੇ ਪਾਉਂਦੀਆਂ, ਬੱਚਾ-ਬੱਚਾ ਰੋ ਰਿਹਾ।

ਸਿਖਿਆ ਦਿਲੋਂ ਭੁਲਾ ਬੈਠੇ ਤਾਂ ਹੀ ਵਰਤਿਆ ਸੋਗ,
'ਪ੍ਰਮੇਸਰ ਤੋਂ ਭੁੱਲਿਆਂ ਵਿਆਪਨ ਸਭੇ ਰੋਗ।'

ਪੰਜਾਂ ਉਂਗਲਾਂ ਵਾਂਗੂ ਜੁੜੀਏ ਤਾਂ ਹੀ ਸ਼ਕਤੀ ਆਏਗੀ,
ਬਰਬਾਦੀ ਏਥੋਂ ਨੱਸੇਗੀ ਤੇ ਖੁਸ਼ੀ ਏਥੇ ਮੁਸਕਰਾਏਗੀ।




# ਏ. ਸੀ. ਜਿਊਲਰਜ਼

9373 - 120 St. Delta, B.C.

Ph. 588-5808

## ਗੁਰਪੁਰਬ ਦੀ ਸਪੈਸ਼ਲ ਸੇਲ



ਕੜੇ ਤੇ ਵੰਗਾਂ 99¢ ਲੇਬਰ

22 ਕੈਰਟ ਦੇ ਸੋਨੇ ਦੇ ਟੌਪਸ $30.00

ਹਰ ਚੀਜ਼ 'ਤੇ ਸਪੈਸ਼ਲ ਸੇਲ

Sale ends Nov. 15

ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਲੱਖ ਲੱਖ ਵਧਾਈ!

21 ਨਵੰਬਰ ਨੂੰ ਬਰਨਬੀ ਮਿਊਂਸਪਲ ਚੋਣਾਂ ਵਿਚ

# ਬਰਨਬੀ ਸਿਟੀਜ਼ਨ ਐਸੋਸੀਏਸ਼ਨ ਦੇ ਉਮੀਦਵਾਰਾਂ ਨੂੰ ਵੋਟ ਪਾ ਕੇ ਕਾਮਯਾਬ ਕਰੋ

## ਬਰਨਬੀ ਮੇਅਰ ਲਈ ਬਿੱਲ ਕੋਪਲੈਂਡ

ਅਜ਼ਮਾਇਆ ਲੀਡਰ ਜੋ ਕਮਿਊਨਿਟੀ ਦੀ ਸੇਵਾ ਕਰੇਗਾ
ਬਿੱਲ ਅਤੇ ਬੀ. ਸੀ. ਏ. ਕੌਂਸਲ ਜੂਝਣਗੇ

ਤਾਂਕਿ ਘਰਾਂ ਦੇ ਮਾਲਕਾਂ ਨਾਲ ਚੰਗੀ ਤਰ੍ਹਾਂ ਪੇਸ਼ ਆਇਆ ਜਾਵੇ

ਬਰਨਬੀ ਵਿਚ ਸਫਰ ਕਰਨ ਵਾਲਿਆਂ ਨੂੰ ਸਥਾਈ ਹੱਲ ਦਿਤੇ ਜਾ ਸਕਣ

ਬਰਨਬੀ ਦੇ ਨੇਬਰਹੁੱਡ ਰਿਹਾਇਸ਼ ਲਈ ਵਧੀਆ ਹੋਣ



## Bill Copeland FOR MAYOR OF BURNABY

A proven leader
On the job and in the community

BILL and a BCA Council will fight for

- A fair tax deal for homeowners
- Positive solutions to Commuter traffic
- Liveable Burnaby neighbourhoods.

## PUT BURNABY FIRST!

ON SATURDAY, NOVEMBER 21
8 A.M. - 8 P.M.

ELECT 16

Burnaby Citizens

Bill Copeland

## ਬਰਨਬੀ ਸਭ ਤੋਂ ਪਹਿਲਾਂ ਹੈ

ਸ਼ਨਿਚਰਵਾਰ
21 ਨਵੰਬਰ ਨੂੰ
ਵੋਟ ਪਾਉਣਾ ਨਾ ਭੁੱਲੋ
8 ਵਜੇ ਸਵੇਰ ਤੋਂ 8 ਵਜੇ ਸ਼ਾਮ ਤੱਕ
16 ਚੁਣਨੇ ਹਨ !

| ELECT FOR MAYOR | |
|---|---|
| COPELAND, Bill | X |

| FOR COUNCIL | |
|---|---|
| CORRIGAN, Derek | X |
| DRUMMOND, Doug | X |
| RANDALL, Fred | X |
| RANKIN, Lee | X |
| REDMAN, Celeste | X |
| SAWICKI, Joan | X |
| YOUNG, Jim | X |
| ZUMPANO, Franca | X |

| FOR SCHOOL BOARD | |
|---|---|
| BURTON, Ron | X |
| CADDELL, Dorothy | X |
| CALENDINO, Pietro | X |
| CARROLL, Sarah | X |
| JONES, Carol | X |
| McLEAN, Stewart | X |
| VOLKOW, Nick | X |

**YOU CAN VOTE, IF YOU ARE:**

- 19 years or older.
- A Canadian citizen. A resident of Burnaby for 3 months, B.C. for 6 months, Canada for 12 months.
- If you are not on the voters list you can swear in at the poll closest to your home.

ਤੁਸੀਂ ਵੋਟ ਤਾਂ ਹੀ ਪਾ ਸਕਦੇ ਹੋ, ਜੇਕਰ

- ਤੁਸੀਂ 19 ਸਾਲ ਜਾਂ ਇਸ ਤੋਂ ਵੱਡੇ ਹੋ
- ਕੈਨੇਡੀਅਨ ਸਿਟੀਜ਼ਨ, 3 ਮਹੀਨੇ ਤੋਂ ਬਰਨਬੀ ਵਿਚ ਰਹਿ ਰਹੇ, ਛੇ ਮਹੀਨੇ ਤੋਂ ਬੀ. ਸੀ. ਵਿਚ ਰਹਿ ਰਹੇ ਤੇ 12 ਮਹੀਨੇ ਤੋਂ ਕੈਨੇਡਾ ਵਿਚ ਰਹਿ ਰਹੇ ਹੋ।
- ਜੇ ਤੁਹਾਡਾ ਨਾਂ ਵੋਟਰ ਲਿਸਟ ਤੇ ਨਹੀਂ ਹੈ ਤਾਂ ਘਰ ਦੇ ਨੇੜੇ ਪੋਲਿੰਗ ਸਟੇਸ਼ਨ ਤੇ ਜਾ ਕੇ ਸਹੁੰ ਖਾ ਕੇ ਵੋਟ ਪਾ ਦਿਓ

**RIDE TO THE POLLS**

**294-3883**

4347 Hastings Street

(ਰਾਈਡ ਦਾ ਪ੍ਰਬੰਧ ਹੈ — ਫੋਨ ਕਰੋ : 294-3883

Burnaby Citizens

# ਸਾਰਕ ਕਾਨਫਰੰਸ ਖਤਮ
## ਭਾਰਤ-ਪਾਕਿ-ਨੇਪਾਲ ਦਹਿਸ਼ਤਗਰਦਾਂ ਦਾ ਵਟਾਂਦਰਾ ਕਰਨਗੇ

ਕਠਮੰਡੂ — ਭਾਰਤੀ ਉਪ-ਮਹਾਂਦੀਪ ਦੇ ਸੱਤ ਦੇਸ਼ਾਂ ਦਾ ਸੰਮੇਲਨ ਇਥੇ ਕੱਲ੍ਹ ਖਤਮ ਹੋ ਗਿਆ ਜਿਸ ਵਿਚ ਤਿੰਨ ਮੁੱਖ ਮੁੱਦਿਆਂ ਉਤੇ ਸਮਝੌਤਾ ਹੋਇਆ। ਪਹਿਲੇ ਮੁੱਦੇ ਵਿਚ ਭਾਰਤ, ਪਾਕਿਸਤਾਨ ਅਤੇ ਨੇਪਾਲ ਨੇ ਫੈਸਲਾ ਕੀਤਾ ਕਿ ਦਹਿਸ਼ਤਗਰਦੀ ਨੂੰ ਰੋਕਣ ਲਈ ਸਖਤ ਕਦਮ ਚੁਕੇ ਜਾਣ। ਪਾਕਿਸਤਾਨ ਅਤੇ ਨੇਪਾਲ ਦੀਆਂ ਸਰਕਾਰਾਂ ਨੇ ਭਾਰਤ ਨੂੰ ਭਰੋਸਾ ਦਿੱਤਾ ਕਿ ਦੋਵੇਂ ਦੇਸ਼ ਭਾਰਤ ਵਿਚ ਚਲ ਰਹੀ ਦਹਿਸ਼ਤਗਰਦੀ ਦੀ ਲਹਿਰ ਨੂੰ ਖਤਮ ਕਰਨ ਵਿਚ ਸਾਥ ਦੇਣਗੇ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ੍ਰੀ ਜੁਨੇਜੋ ਨੇ ਕਿਹਾ ਖਾਲਿਸਤਾਨੀਆਂ ਦੇ ਪਾਕਿਸਤਾਨ ਵਿਚ ਕੋਈ ਅਜਿਹੇ ਅੱਡੇ ਨਹੀਂ ਹਨ ਪਰ ਜੇ ਭਾਰਤ ਦਾ ਕੋਈ ਦਹਿਸ਼ਤਗਰਦ ਪਾਕਿਸਤਾਨ ਦੀ ਸਰਹੱਦ ਅੰਦਰ ਆਇਆ ਤਾਂ ਉਹ ਫੜਕੇ ਭਾਰਤ ਦੇ ਹਵਾਲੇ ਕਰ ਦਿੱਤਾ ਜਾਵੇਗਾ। ਯਾਦ ਰਹੇ ਕਿ 1984 ਤੋਂ ਪਾਕਿਸਤਾਨ ਵਿਚ ਦਹਿਸ਼ਤਗਰਦਾਂ ਦੇ 14 ਕੈਂਪ ਸਥਾਪਤ ਹੋਣ ਦੀਆਂ ਖਬਰਾਂ ਛਪਦੀਆਂ ਰਹੀਆਂ ਹਨ। ਸ੍ਰੀ ਜੁਨੇਜੋ ਨੇ ਕਿਹਾ ਕਿ ਪਾਕਿਸਤਾਨ ਵਿਚ ਦਹਿਸ਼ਤਗਰਦੀ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਲਈ ਇਹ ਮਸਲਾ ਸਾਰਿਆਂ ਦੇਸ਼ਾਂ ਦਾ ਸਾਂਝਾ ਮਸਲਾ ਹੈ।

ਸਾਰਕ ਕਾਨਫਰੰਸ ਦੇ ਦੂਜੇ ਮੁੱਦੇ ਉਤੇ ਵੀ ਸਹਿਮਤੀ ਹੋ ਗਈ ਜਿਸ ਵਿਚ ਭਾਰਤ, ਪਾਕਿਸਤਾਨ ਤੇ ਨੇਪਾਲ ਵੱਡੇ ਪੈਮਾਨੇ ਉਤੇ ਸਾਂਝਾ ਅੰਨ ਭੰਡਾਰ ਸਥਾਪਤ ਕਰਨਗੇ।

ਤੀਜਾ ਮੁੱਦਾ ਬੰਗਲਾ ਦੇਸ਼ ਵਲੋਂ ਉਠਾਇਆ ਗਿਆ ਸੀ ਕਿ ਭਾਰਤ ਗੰਗਾ ਨਦੀ ਦੇ ਪਾਣੀ ਦੇ ਵਹਿਣ ਦਾ ਪ੍ਰਬੰਧ ਕਰੇ ਤਾਂ ਕਿ ਗੰਗਾ ਨਦੀ ਵਿਚ ਆਉਂਦੇ ਤੂਫਾਨਾਂ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਿਆ ਜਾ ਸਕੇ। ਭਾਰਤ ਦਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਬੰਗਲਾ ਦੇਸ਼ ਦੇ ਰਾਸ਼ਟਰਪਤੀ ਜਨਰਲ ਇਰਸ਼ਾਦ ਨਾਲ ਏਸ ਮੁੱਦੇ ਉਤੇ ਸਹਿਮਤ ਸੀ ਕਿ ਹੜ੍ਹਾਂ ਤੋਂ ਤਬਾਹੀ ਰੋਕੀ ਜਾਣੀ ਚਾਹੀਦੀ ਹੈ।

ਸਾਰਕ ਕਾਨਫਰੰਸ ਵਲੋਂ ਭਾਰਤ ਵਲੋਂ ਸ੍ਰੀ ਲੰਕਾ ਵਿਚ ਨਿਭਾਏ ਰੋਲ ਦੀ ਪ੍ਰਸੰਸਾ ਕੀਤੀ ਗਈ ਅਤੇ ਪ੍ਰਧਾਨ ਜੈਵਰਧਨੇ ਨੇ ਸ੍ਰੀ ਲੰਕਾ ਵਲੋਂ ਭਾਰਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰੀ ਲੰਕਾ ਵਿਚ ਤਾਮਿਲਾਂ ਦਾ ਮਸਲਾ ਛੇਤੀ ਹੀ ਹੱਲ ਹੋ ਜਾਵੇਗਾ। ਡਾਕਟਰੀ ਸਹਾਇਤਾ ਅਤੇ ਖੁਰਾਕ ਦਾ ਪ੍ਰਬੰਧ ਕਰਨ ਲਈ ਵੀ ਭਾਰਤ ਦੀ ਪ੍ਰਸੰਸਾ ਕੀਤੀ ਗਈ। ਸਾਰਕ ਕਾਨਫਰੰਸ ਦੇ ਨਵੇਂ ਚੇਅਰਮੈਨ ਨੇਪਾਲ ਦੇ ਰਾਜਾ ਬੀਰੇਂਦਰ ਬਣਾਏ ਗਏ ਹਨ। ਇਸ ਤੋਂ ਪਹਿਲਾਂ ਰਾਜੀਵ ਗਾਂਧੀ ਇਸ ਦੇ ਚੇਅਰਮੈਨ ਸਨ।

# .ਗੈਰ ਕਾਨੂੰਨੀ ਤੌਰ ਉਤੇ ਦਾਖਲ ਹੋਏ ਬੰਦਿਆਂ ਨੂੰ ਆਮ ਮੁਆਫੀ ਨਹੀਂ ਮਿਲੇਗੀ — ਮਿ: ਬੂਸ਼ਰਡ

ਅਟਵਾ — ਇੰਮੀਗਰੇਸ਼ਨ ਮਹਿਕਮੇ ਦੇ ਵਜ਼ੀਹਰ ਬੁਨਾਇਟ ਬੂਸ਼ਰਡ ਦਾ ਕਹਿਣਾ ਹੈ ਕਿ ਜੋ ਲੋਕ ਗੈਰ ਕਾਨੂੰਨੀ ਤੌਰ ਉਤੇ ਕੈਨੇਡਾ ਵਿਚ ਦਾਖਲ ਹੋਏ ਹਨ ਉਨ੍ਹਾਂ ਨੂੰ ਇੰਮੀਗਰੇਸ਼ਨ ਦੇਣੀ ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲਿਆਂ ਨਾਲ ਬੇਇਨਸਾਫੀ ਹੋਵੇਗੀ।

ਨਵੇਂ ਬਣਾਏ ਰੀਫੀਊਜ਼ੀ ਬੋਰਡ ਦੇ ਪ੍ਰਧਾਨ ਗੌਰਡਨ ਫੇਅਰਵੇਦਰ ਨੇ ਕਿਹਾ ਸੀ ਕਿ 40,000 ਬੰਦਿਆਂ ਨੂੰ ਆਮ ਮੁਆਫੀ ਦੇ ਕੇ ਇੰਮੀਗਰੈਂਟ ਬਣਾ ਦੇਣਾ ਚਾਹੀਦਾ ਹੈ ਤਾਂ ਕਿ ਸਰਕਾਰ ਦਾ ਖਰਚਾ ਬਚ ਸਕੇ।

ਪਰ ਵਜ਼ੀਰ ਨੇ ਕਿਹਾ ਕਿ ਇਸ ਤਰ੍ਹਾਂ ਦੀ ਆਮ ਮੁਆਫੀ ਦੇਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਮਿ: ਬੂਸ਼ਰਡ ਨੇ ਕਿਹਾ ਕਿ ਨਵੇਂ ਕਾਨੂੰਨ ਦੇ ਲਾਗੂ ਹੋਣ ਨਾਲ ਰੀਫੀਊਜ਼ੀਆਂ ਦੇ ਆਉਣ ਦਾ ਕੰਮ ਢਿਲਾ ਪੈਣ ਦੀ ਸੰਭਾਵਨਾ ਹੈ।

# 2 ਦਸੰਬਰ ਨੂੰ ਪਾਰਲੀਮੈਂਟ ਅੱਗੇ 10 ਲੱਖ ਦਾ ਮੁਜ਼ਾਹਰਾ

ਨਵੀਂ ਦਿੱਲੀ — ਦੇਸ਼ ਦੀਆਂ ਚਾਰ ਖੱਬੇ ਪੱਖੀ ਪਾਰਟੀਆਂ ਨੇ ਫਿਰਕਾਪ੍ਰਸਤੀ ਅਤੇ ਵੱਖਵਾਦ ਵਿਰੁਧ ਕਾਮਯਾਬ ਸੰਮੇਲਨ ਕਰਨ ਬਾਦ ਹੁਣ 2 ਦਸੰਬਰ ਨੂੰ ਪਾਰਲੀਮੈਂਟ ਹਾਊਸ ਅੱਗੇ ਸ਼ਕਤੀਸ਼ਾਲੀ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਹੈ ਜਿਸ ਵਿਚ ਦੇਸ਼ ਭਰ ਵਿਚੋਂ ਦਸ ਲੱਖ ਲੋਕ ਇਕੱਠੇ ਹੋਣਗੇ। ਇਸ ਵਿਸ਼ਾਲ ਮੁਜ਼ਾਹਰੇ ਦਾ ਮੰਤਵ ਦੇਸ਼ਵਾਸੀਆਂ ਨੂੰ ਫਿਰਕੂ ਕੱਟੜਵਾਦ ਅਤੇ ਵੱਖਵਾਦ ਦੇ ਖਿਲਾਫ ਲਾਮਬੰਦ ਕਰਨਾ ਅਤੇ ਲੋਕਾਂ ਦਾ ਭਰੋਸਾ ਗਵਾ ਚੁਕੀ ਰਾਜੀਵ ਸਰਕਾਰ ਨੂੰ ਮੱਧਕਾਲੀ ਚੋਣਾਂ ਕਰਵਾਉਣ ਲਈ ਮਜ਼ਬੂਰ ਕਰਨਾ ਹੈ।

ਇਹ ਫੈਸਲਾ ਖੱਬੀਆਂ ਪਾਰਟੀਆਂ ਨਾਲ ਸਬੰਧਤ ਜਨਤਕ ਜਥੇਬੰਦੀਆਂ ਦੀ ਮੀਟਿੰਗ ਵਿਚ ਕੀਤਾ ਗਿਆ। ਮੀਟਿੰਗ ਵਿਚ ਕਿਸਾਨਾਂ ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ ਅਤੇ ਔਰਤਾਂ ਦੀਆਂ 21 ਜਥੇਬੰਦੀਆਂ ਦੇ ਪ੍ਰਤੀਨਿਧ ਸ਼ਾਮਲ ਹੋਏ। ਮੀਟਿੰਗ ਦੀ ਪ੍ਰਧਾਨਗੀ ਸੀ ਪੀ ਐਮ ਦੇ ਲੋਕ ਸਭਾ ਗਰੁਪ ਦੇ ਲੀਡਰ ਸਮਰ ਮੁਕਰਜੀ ਨੇ ਕੀਤੀ। ਸੀ ਪੀ ਆਈ ਦੇ ਮਿ: ਹੋਮੀ ਦੋਜੀ ਅਤੇ ਸੀ ਪੀ ਆਈ (ਐਮ) ਦੇ ਹਰਕਿਸ਼ਨ ਸਿੰਘ ਸੁਰਜੀਤ ਨੇ ਵੀ ਹਿੱਸਾ ਲਿਆ।

ਕਿਸਾਨਾਂ ਮਜ਼ਦੂਰਾਂ ਦੇ ਜਥੇ ਕਲਕੱਤਾ, ਤਰੀਵੇਂਦਰਮ, ਮਦਰਾਸ, ਕਰਨਾਟਕ, ਬੰਬਈ ਅਤੇ ਅੰਮ੍ਰਿਤਸਰ ਆਦਿ ਤੋਂ ਰਵਾਨਾ ਹੋ ਪਏ ਹਨ ਅਤੇ ਦੇਸ਼ ਦੇ ਹਰ ਰਾਜ ਵਿਚੋਂ ਦੂਸਰੇ ਜਥੇ ਇਹਨਾਂ ਨਾਲ ਮਿਲਦੇ ਜਾਣਗੇ ਰਸਤੇ ਵਿਚ ਆਉਂਦੇ ਦੂਸਰੇ ਵੱਡੇ ਸ਼ਹਿਰਾਂ ਵਿਚ ਕਿਸਾਨ ਮਜ਼ਦੂਰ ਰੈਲੀਆਂ ਹੋਣਗੀਆਂ।

ਇਸ ਮੁਜ਼ਾਹਰੇ ਨੂੰ ਜਥੇਬੰਦ ਕਰਨ ਲਈ ਇਕ ਕਾਰਜਕਾਰੀ ਕਮੇਟੀ ਬਣਾਈ ਗਈ ਹੈ। ਜਿਸ ਵਿਚ 28 ਜਨਤਕ ਜਥੇਬੰਦੀਆਂ ਦੇ ਦੋ ਦੋ ਪ੍ਰਤੀਨਿਧ ਲਏ ਗਏ ਹਨ। ਮਿ: ਹੋਮੀ ਦੋਜੀ ਅਤੇ ਮਿ: ਸੁਰਜੀਤ ਇਸ ਪਰੋਗਰਾਮ ਦੇ ਮੁਖ ਸਲਾਹਕਾਰ ਹੋਣਗੇ। ਪਾਰਟੀ ਨੇਤਾ ਸਮਝਦੇ ਹਨ ਕਿ ਇਸ ਤਰ੍ਹਾਂ ਦੀ ਲਾਮਬੰਦੀ ਨਾਲ ਦੇਸ਼ ਵਿਚ ਤਾਕਤਾਂ ਦੇ ਤੋਲ ਨੂੰ ਬਦਲਣ ਵਿਚ ਸਹਾਇਤਾ ਮਿਲੇਗੀ। ਤਾਂ ਜੋ ਦੇਸ਼ ਅੰਦਰ ਸਜ ਪਿਛਾਖੜੀ ਸ਼ਕਤੀਆਂ ਦੇ ਵਧ ਰਹੇ ਖਤਰੇ ਨੂੰ ਰੋਕਿਆ ਜਾ ਸਕੇ।

# ਹਾਲਾਂ ਕਾਂਗਰਸ ਦਾ ਕੋਈ ਬਦਲ ਨਹੀਂ ਹੈ

ਨਵੀਂ ਦਿੱਲੀ — ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਇਸ ਗੱਲ ਉਤੇ ਸਹਿਮਤ ਹੋ ਗਏ ਹਨ ਕਿ ਮੌਜੂਦਾ ਹਾਲਤ ਵਿਚ ਕਾਂਗਰਸ ਦਾ ਕੋਈ ਬਦਲ ਦੇਸ਼ ਵਿਚ ਮੌਜੂਦ ਨਹੀਂ ਹੈ। ਪਹਿਲਾਂ ਰਾਸ਼ਟਰੀ ਸੰਘ ਦਾ ਨੇਤਾ ਬਾਲਾ ਸਾਹਿਬ ਦੇਵਰਸ ਨੇ ਇਹ ਗੱਲ ਕਹੀ ਸੀ — ਉਹਨੇ ਤਾਂ ਆਪਣੇ ਸਮਰਥਕਾਂ ਨੂੰ ਇਹ ਵੀ ਅਪੀਲ ਕੀਤੀ ਸੀ ਕਿ ਫਿਲਹਾਲ ਉਹ ਰਾਜੀਵ ਗਾਂਧੀ ਦੀ ਮੱਦਦ ਕਰਨ। ਹੁਣ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮਿ: ਐਡਵਾਨੀ ਨੇ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਇਸ ਗੱਲ ਨੂੰ ਦੁਹਰਾਇਆ, ਪਰ ਕਿਹਾ ਕਿ ਇਸਦਾ ਮਤਲਬ ਕਾਂਗਰਸ ਦੀਆਂ ਨੀਤੀਆਂ ਦਾ ਸਮਰਥਨ ਕਰਨਾ ਨਹੀਂ ਹੈ।

# ਗੁਰਬਾਣੀ ਦੇ ਸੂਝਵਾਨ ਵਿਆਖਿਆਕਾਰ ਗਿਆਨੀ ਸੁਜਾਨ ਸਿੰਘ ਸੁਰਗਵਾਸ

ਨਿਊਵੈਸਟ ਮਨਿਸਟਰ — ਕੈਨੇਡਾ ਦਰਪਣ ਇਹ ਖਬਰ ਬੜੇ ਦੁੱਖ ਨਾਲ ਪਾਠਕਾਂ ਨੂੰ ਦੇ ਰਿਹਾ ਹੈ ਕਿ ਗੁਰਦੁਆਰਾ ਨਿਊਵੈਸਟ ਮਨਿਸਟਰ ਦੇ ਸਾਬਕਾ ਗ੍ਰੰਥੀ ਸਾਹਿਬ ਗਿਆਨੀ ਸੁਜਾਨ ਸਿੰਘ ਗਰੇਵਾਲ ਦਿਲ ਦਾ ਦੌਰਾ ਪੈਣ ਕਾਰਨ 2 ਨਵੰਬਰ 1987 ਨੂੰ ਸੁਰਗਵਾਸ ਹੋ ਗਏ।

ਗਿਆਨੀ ਸੁਜਾਨ ਸਿੰਘ ਗੁਰਦੁਆਰਾ ਰੌਸ ਸਟਰੀਟ ਦੇ ਨਵੇਂ ਗੁਰਦੁਆਰਾ ਸਾਹਿਬ ਦੇ ਪਹਿਲੇ ਮੁਖ ਗ੍ਰੰਥੀ ਸਾਹਿਬ ਸਨ। ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਵਾਨਤ ਪ੍ਰਸਿਧ ਵਿਆਖਿਆਕਾਰ ਵਜੋਂ ਵੈਨਕੂਵਰ ਆਏ ਸਨ।

ਗਿਆਨੀ ਸੁਜਾਨ ਸਿੰਘ ਜੀ ਨੇ ਸੰਤ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਤੋਂ ਗੁਰਬਾਣੀ ਦੇ ਸ਼ਬਦ ਅਰਥ ਦੀ ਵਿਦਿਆ ਪ੍ਰਾਪਤ ਕੀਤੀ ਸੀ। ਏਥੇ ਜਦੋਂ ਉਹ ਗੁਰਬਾਣੀ ਦੀ ਵਿਆਖਿਆ ਕਰਦੇ ਸਨ ਤਾਂ ਸਰੋਤੇ ਬੜਾ ਹੀ ਵਿਸਮਾਦ ਪ੍ਰਾਪਤ ਕਰਦੇ ਸਨ।

ਇਹ ਗੱਲ ਬੜੀ ਹੀ ਮਹੱਤਵਪੂਰਨ ਹੈ ਕਿ ਗਿਆਨੀ ਸੁਜਾਨ ਸਿੰਘ ਜੀ ਹਮੇਸ਼ਾ ਹੀ ਧਰਮ ਅਤੇ ਸਿਆਸਤ ਨੂੰ ਵੱਖੋ ਵੱਖ ਸਮਝਦੇ ਸਨ ਇਸ ਲਈ ਉਨ੍ਹਾਂ ਨੇ ਸਦਾ ਗੁਰਬਾਣੀ ਦੀ ਸਿਖਿਆ ਧਾਰਮਿਕ ਪਰਚਾਰ ਤੱਕ ਹੀ ਰੱਖੀ

ਗਿਆਨੀ ਸੁਜਾਨ ਸਿੰਘ ਪਿਛੋਂ ਪਿੰਡ ਰਾਏਪੁਰ ਜ਼ਿਲਾ ਲੁਧਿਆਣਾ ਦੇ ਰਹਿਣ ਵਾਲੇ ਸਨ ਅਤੇ ਉਹ ਫਾਰਮਵਰਕਰ ਯੂਨੀਅਨ ਦੇ ਪ੍ਰਸਿੱਧ ਮੈਂਬਰ ਮੋਤਾ ਸਿੰਘ ਗਰੇਵਾਲ ਦੇ ਵੱਡੇ ਭਰਾ ਸਨ।

## ਹੁਸ਼ਿਆਰਪੁਰ ’ਚ 8 ਕਤਲ

ਹੁਸ਼ਿਆਰਪੁਰ ਦੇ ਬਾੜੀਆਂ ਕਲਾਂ ਵਿਚ ਅੱਠ ਵਿਅਕਤੀ ਹਲਾਕ ਕੀਤੇ ਗਏ। ਪਹਿਲਾਂ ਖਬਰਾਂ ਵਿਚ ਸੱਤ ਵਿਅਕਤੀ ਕਤਲ ਹੋਣ ਦੀ ਖਬਰ ਸੀ ਪਰ ਅੱਠਵਾਂ ਜ਼ਖਮੀ ਬੰਦਾ ਵੀ ਦਮ ਤੋੜ ਗਿਆ। ਦਰਜਨ ਦੇ ਕਰੀਬ ਲੋਕ ਦਹਿਸ਼ਤਗਰਦਾਂ ਦੀਆਂ ਗੋਲੀਆਂ ਨਾਲ ਜ਼ਖਮੀ ਹੋਏ। ਹੁਸ਼ਿਆਰਪੁਰ ਵਿਚ ਕੱਲ੍ਹ ਬੰਦ ਜਾਰੀ ਰਿਹਾ।

## ਦੋ ਦਹਿਸ਼ਤਗਰਦ ਹਲਾਕ

ਕੱਲ੍ਹ ਬਾੜੀਆਂ ਕਲਾਂ ਕਾਂਡ ਵਿਚ ਸ਼ਾਮਲ ਦੋ ਦਹਿਸ਼ਤਗਰਦ ਮਾਰੇ ਗਏ। ਅੰਮ੍ਰਿਤਸਰ ਵਿਚ ਵੀ ਇਕ ਦਹਿਸ਼ਤਗਰਦ ਮਾਰਿਆ ਗਿਆ ਹੈ।

## ਪਟਿਆਲੇ ’ਚ 11 ਗ੍ਰਿਫ਼ਤਾਰ

ਇਕ ਸੂਚਨਾ ਅਨੁਸਾਰ ਅਸਲੇ ਸਮੇਤ 11 ਦਹਿਸ਼ਤਗਰਦ ਵੱਖ ਵੱਖ ਥਾਵਾਂ ਤੋਂ ਪਟਿਆਲਾ ਜ਼ਿਲੇ ਵਿਚੋਂ ਗ੍ਰਿਫ਼ਤਾਰ ਕੀਤੇ ਗਏ ਹਨ।

## ਲੋਕਾਂ ਵਿਚ ਹਾਹਾਕਾਰ

ਖਾਲਿਸਤਾਨੀ ਦਹਿਸ਼ਤਗਰਦੀ ਇਸ ਸਮੇਂ ਪੰਜਾਬ ਵਿਚ ਜ਼ੋਰਾਂ ਉਤੇ ਹੈ। ਸਾਡੇ ਪੱਤਰਪ੍ਰੇਰਕ ਦਾ ਕਹਿਣਾ ਹੈ ਕਿ ਜਿਥੇ ਲੋਕਾਂ ਵਲੋਂ ਰਾਸ਼ਟਰਪਤੀ ਰਾਜ ਨੂੰ ਕੋਸਿਆ ਜਾ ਰਿਹਾ ਹੈ ਉਥੇ ਦਹਿਸ਼ਤਗਰਦਾਂ ਵਿਰੁਧ ਗੁੱਸੇ ਦੀ ਭਾਵਨਾ ਵੀ ਬਹੁਤ ਜ਼ੋਰ ਫੜਦੀ ਜਾ ਰਹੀ ਹੈ।


## ਰੂਫਿੰਗ ਲਈ ਦਸ ਕਾਮਿਆਂ ਦੀ ਲੋੜ

ਰਿਵਰਵੀਊ ਰੂਫਿੰਗ ਕੰਪਨੀ ਨੂੰ ਦਸ ਕਾਮਿਆਂ ਦੀ ਲੋੜ ਹੈ ਜੋ ਰੂਫਿੰਗ ਦੇ ਕੰਮ ਲਈ ਚਾਹੀਦੇ ਹਨ। ਤਨਖਾਹ ਤਜਰਬੇ ਅਨੁਸਾਰ ਪੰਜ ਤੋਂ 8 ਡਾਲਰ ਪ੍ਰਤੀ ਘੰਟਾ ਹੋਵੇਗੀ। ਕੰਮ ਛੇ ਦਿਨ ਹਫਤੇ ਦੇ ਹੋਵੇਗਾ।

ਹੋਰ ਜਾਣਕਾਰੀ ਲਈ ਫੋਨ ਕਰੋ :

**ਕੈਲ ਗਿੱਲ — 290-7149**

ਸ਼ਾਮ ਨੂੰ ਫੋਨ ਕਰੋ :

590-0771
ਜਾ 596-3089

ਅੰਗਰੇਜ਼ੀ ਵਿਚ ਗੱਲ ਕਰਨੀ ਹੋਵੇ ਤਾਂ ਦਫਤਰ ਦਾ ਫੋਨ ਇਹ ਹੈ :

591-8700



**BERNARD SIMPSON** & COMPANY

PRACTICE **RESTRICTED** TO
INJURIES SUFFERED DUE TO
CAR ACCIDENTS (ICBC CLAIMS)

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ.
ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR
OVER 15 YEARS

CONTINGENCY FEES AVAILABLE
(IF NO RECOVERY NO LEGAL FEE)

NO CHARGE FOR INITIAL
CONSULTATION

SITUATED IN THE AUTOMOBILE
ASSOCIATION BUILDING

734-2272

999 West Broadway, Vancouver, B.C. V5Z 1K5

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਗੁਰੂ ਨਾਨਕ ਦਿਹਾੜਾ ਅਤੇ ਪੰਜਾਬ ਵਿਚ ਬੇਗੁਨਾਹਾਂ ਦੇ ਹੋ ਰਹੇ ਕਤਲ

ਪੰਜਾਬ ਵਿਚ ਦੋਹਾਂ ਤਰ੍ਹਾਂ ਦਾ ਦਹਿਸ਼ਤਵਾਦ — ਸਰਕਾਰੀ ਤੇ ਵਿਅਕਤੀਗਤ — ਨਿੰਦਣਯੋਗ ਹੈ ਕਿਉਂਕਿ ਦੋਹਾਂ ਤਰ੍ਹਾਂ ਦੇ ਦਹਿਸ਼ਤਵਾਦ ਵਿਚ ਬੇਕਸੂਰ ਲੋਕ ਅੰਞਾਈਂ ਮਾਰੇ ਜਾ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਵਸ ਸਮੇਂ ਹਰ ਪੰਜਾਬੀ ਨੂੰ ਘੱਟੋ ਘੱਟ ਆਪਣੇ ਅੰਦਰ ਝਾਤੀ ਮਾਰਨੀ ਜ਼ਰੂਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੁਨੇਹਾ ਸਮੁੱਚੀ ਮਨੁੱਖ ਜਾਤੀ ਦੀ ਕਲਿਆਣ ਲਈ ਸੀ ਨਾਕਿ ਕਿਸੇ ਫਿਰਕੇ ਲਈ। ਹਿੰਦੂ ਤੇ ਮੁਸਲਮਾਨ ਦੋਵੇਂ ਹੀ ਉਸ ਦੇ ਉਪਦੇਸ਼ਾਂ ਦੇ ਕਾਇਲ ਸਨ। ਅਸੀਂ ਪੰਜਾਬੀ ਲੋਕ ਉਸ ਮਹਾਨ ਗੁਰੂ ਦੀ ਸਿਖਿਆ ਤੋਂ ਲਾਂਭੇ ਜਾ ਕੇ ਸੱਚ ਨੂੰ ਸੱਚ ਕਹਿਣ ਤੋਂ ਕਿਉਂ ਝਿਜਕ ਰਹੇ ਹਾਂ? ਕੀ ਅਸੀਂ ਵੀ ਉਨ੍ਹਾਂ ਰਸਮਾਂ ਅਤੇ ਪੂਜਾ ਦੇ ਉਪਾਸ਼ਕ ਤਾਂ ਨਹੀਂ ਬਣ ਰਹੇ ਜਿਨ੍ਹਾਂ ਦੀ ਗੁਰੂ ਨਾਨਕ ਦੇਵ ਜੀ ਨੇ ਵਿਰੋਧਤਾ ਕੀਤੀ ਸੀ ਤੇ ਸਮਾਜਕ, ਆਰਥਕ ਤੇ ਸਭਿਆਚਾਰਕ ਹਾਲਾਤਾਂ ਨੂੰ ਬਦਲਣ ਲਈ ਕਰਾਂਤੀਕਾਰੀ ਕਦਮ ਪੁੱਟੇ ਸਨ?

ਪੰਜਾਬ ਵਿਚ ਇਕ ਪਾਸੇ ਸਰਕਾਰੀ ਦਮਨ ਜਾਰੀ ਹੈ। ਘਰਾਂ 'ਚੋਂ ਨੌਜਵਾਨਾਂ ਨੂੰ ਫੜ ਕੇ ਲਿਜਾਇਆ ਜਾਂਦਾ ਹੈ ਤੇ ਉਨ੍ਹਾਂ ਵਿਚੋਂ ਕੁਝ ਨੂੰ ਪੈਸੇ ਵਟੋਰ ਕੇ ਛੱਡ ਦਿੱਤਾ ਜਾਂਦਾ ਹੈ ਅਤੇ ਜੋ ਨਹੀਂ ਦੇ ਸਕਦੇ ਉਹ 'ਝੂਠੇ ਮੁਕਾਬਲੇ' ਬਣਾ ਕੇ ਮਾਰੇ ਜਾਂਦੇ ਹਨ। ਅਸਲੀ ਮੁਜਰਮਾਂ ਨੂੰ ਫੜਨ ਦੀ ਦਲੇਰੀ ਨਾ ਪੰਜਾਬ ਪੁਲਸ ਕਰਦੀ ਹੈ ਅਤੇ ਨਾ ਹੀ ਨੀਮ-ਫੌਜੀ ਦਸਤੇ। ਜਿਥੇ ਕਤਲ ਹੁੰਦੇ ਹਨ ਉਥੇ ਪੁਲਸ ਘਟਨਾਵਾਂ ਵਾਪਰਨ ਤੋਂ ਪਿਛੋਂ ਪਹੁੰਚਦੀ ਹੈ ਅਤੇ ਐਲਾਨਿਆ ਜਾਂਦਾ ਹੈ ਕਿ ਦਹਿਸ਼ਤਗਰਦ ਭੱਜਣ ਵਿਚ ਕਾਮਯਾਬ ਹੋ ਗਏ। ਜਦ ਪੰਜਾਬ ਵਿਚ ਪੈਰ ਪੈਰ ਉਤੇ ਪੁਲਸ ਅਤੇ ਨੀਮ-ਫੌਜੀ ਦਸਤੇ ਤਾਈਨਾਤ ਹਨ ਤਾਂ ਕੀ ਕਾਰਨ ਹੈ ਕਿ ਬੇਦੋਸ਼ੇ ਲੋਕਾਂ ਦੇ ਕਤਲ ਲਗਾਤਾਰ ਜਾਰੀ ਹਨ? ਇਕ ਕਤਲ ਕਿਸੇ ਸੰਗਠਨਾਂ ਵਲੋਂ ਨਹੀਂ ਕੀਤੇ ਜਾਂਦੇ ਸਗੋਂ ਇਨ੍ਹਾਂ ਦੇ ਜ਼ਿਮੇਂਵਾਰ ਗਿਣਤੀ ਦੇ ਪੰਜਾਹ ਸੱਠ ਬੰਦੇ ਹਨ ਜੋ ਪੰਜਾਬ ਨੂੰ ਸੂਲੀ ਉਤੇ ਟੰਗੀ ਬੈਠੇ ਹਨ। ਇਹੀ ਲੋਕ ਅਸਲ ਮੁਜਰਮ ਹਨ ਜਿਨ੍ਹਾਂ ਨੂੰ ਨਾ ਪੁਲਸ ਫੜਦੀ ਹੈ ਤੇ ਨਾ ਮਾਰਦੀ ਹੈ।

ਕੇਂਦਰ ਸਰਕਾਰ ਦੀ ਬਦਦਿਆਨਤਦਾਰੀ ਇਥੋਂ ਹੀ ਜ਼ਾਹਿਰ ਹੋ ਜਾਂਦੀ ਹੈ ਕਿ ਉਹ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਦੀ ਥਾਂ ਚੁੱਪ ਧਾਰਨ ਕਰਕੇ ਬੈਠੀ ਹੋਈ ਹੈ। ਹਰ ਰੋਜ਼ ਸੱਤ ਅੱਠ ਬੇਗੁਨਾਹਾਂ ਦੇ ਕਤਲ ਹੁੰਦੇ ਹਨ — ਕੋਈ ਤੁਰਿਆ ਜਾਂਦਾ ਮਾਰਿਆ ਜਾਂਦਾ ਹੈ, ਕੋਈ ਦੁਕਾਨ ਉਤੇ ਚਾਹ ਪੀਂਦਾ ਮਾਰਿਆ ਜਾਂਦਾ ਹੈ। ਹਰਫ਼ਲੇ ਹੋਏ ਮੁਜਰਮ ਕੁਝ ਵੀ ਕਰਨ ਦੇ ਸਮਰੱਥ ਹੋ ਸਕਦੇ ਹਨ। ਸਿੱਖਾਂ ਦੇ ਸਾਰੇ ਸੰਗਠਨ ਖਿੰਡ ਪੁੰਡ ਗਏ ਹਨ। ਨਾ ਅਕਾਲੀ ਦਲ ਦੀ ਕੋਈ ਪੁੱਛ ਰਹੀ ਹੈ, ਨਾ ਸ਼੍ਰੋਮਣੀ ਕਮੇਟੀ ਹੀ ਗੁਰਦੁਆਰਿਆਂ ਨੂੰ ਸੰਭਾਲਣ ਦੇ ਯੋਗ ਰਹੀ ਹੈ। ਲੀਡਰ ਲੋਕ ਡਰਦੇ ਮਾਰੇ ਲੁਕੇ ਫਿਰਦੇ ਹਨ।

ਕੇਂਦਰ ਸਰਕਾਰ ਪੰਜਾਬ ਦੀ ਦੁਰਦਸ਼ਾ ਤੋਂ ਕੋਈ ਸਿਆਸੀ ਲਾਭ ਉਠਾਉਣ ਦੇ ਵੀ ਸਮਰੱਥ ਨਹੀਂ ਜਾਪਦੀ ਕਿਉਂਕਿ ਕਾਂਗਰਸੀਆਂ ਨੂੰ ਉਥੇ ਕੋਈ ਛੋਲਿਆਂ ਦੇ ਭਾਅ ਵੀ ਨਹੀਂ ਪੁਛਦਾ। ਹਿੰਦੂ ਫਿਰਕੇ ਦੇ ਲੋਕ ਅਗੇ

ਅਗਲੇ ਪੰਨੇ 'ਤੇ

# ਏਤਿ ਮਾਰ ਪਈ ਕੁਰਲਾਣੇ



ਕੇਵਲ ਪੰਜਾਬ ਜਾਂ ਭਾਰਤ ਵਿਚ ਨਹੀਂ, ਬਲਕਿ ਸਮੁੱਚੀ ਮਾਨਵਜਾਤੀ ਦੇ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਤੇ ਨਵੇਕਲਾ ਸਥਾਨ ਰੱਖਣ ਵਾਲੇ ਗੁਰੂ ਨਾਨਕ ਦੇਵ ਨੇ ਇਹ ਕਰੁਣਾਮਈ ਬੋਲ ਉਸ ਸਮੇਂ ਉਚਾਰੇ ਸਨ ਜਦ ਪੰਦਰਵੀਂ ਸਦੀ ਵਿਚ ਬਾਬਰ ਦੇ ਹਮਲੇ ਸਮੇਂ ਵਿਦੇਸ਼ੀ ਜਰਵਾਣੇ ਧਾੜਵੀਆਂ ਹੱਥੋਂ ਨਿਤਾਣੇ ਤੇ ਬੇਆਸਰੇ ਭਾਰਤੀ ਲੋਕਾਂ ਦੀ ਬੇਪਤੀ ਨੇ ਉਨ੍ਹਾਂ ਦੇ ਸੰਵੇਦਨਸ਼ੀਲ ਅਤੇ ਕਾਵਿਕ ਹਿਰਦੇ ਨੂੰ ਝੰਜੋੜ ਕੇ ਰੱਖ ਦਿੱਤਾ। ਅਜਿਹੀ ਦਸ਼ਾ ਵਿਚ ਵੇਖ ਕੇ ਗੁਰੂ-ਆਤਮਾਂ ਪਰਮਾਤਮਾ ਅੱਗੇ ਰੋਸ ਕਰਦੀ ਕੂਕਦੀ ਹੈ:—

"ਏਤਿ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ"

ਕਾਵਿ ਅਤੇ ਭਾਸ਼ਾ ਦੀ ਸੀਮਾ ਦੇ ਬਾਵਜੂਦ ਉਨ੍ਹਾਂ ਦਾ ਇਹ ਕਾਵਿ-ਉਚਾਰ ਸਰਬ ਸਮਿਆਂ ਲਈ ਭਾਸ਼ਾ ਦੇ ਅਰਥਾਂ ਤੋਂ ਪਾਰ ਜਾ ਕੇ ਵਿਸ਼ੇਸ਼ ਅਰਥਾਂ ਦਾ ਲਖਾਇਕ ਹੈ। ਸਮੇਂ ਸਮੇਂ ਸਭਿਆਚਾਰਕ ਪ੍ਰਸੰਗ ਦੇ ਬਦਲਦੇ ਪਰਿਪੇਖਾਂ ਵਿਚ ਇਹ ਬੋਲ ਆਪਣੇ ਅਰਥ ਹੋਰ ਵੀ ਵਧੇਰੇ ਭਾਵਪੂਰਤ ਅਰਥਾਂ ਸਮੇਤ ਉਜਾਗਰ ਹੋਏ ਹਨ ਅਤੇ ਹੁੰਦੇ ਰਹਿਣਗੇ।

ਸਮੇਂ ਸਮੇਂ ਸਮਾਜ ਵੱਖ ਵੱਖ ਕਾਰਨਾਂ ਕਰਕੇ ਸਭਿਆਚਾਰਕ ਨਿਘਾਰ ਦੇ ਸਨਮੁੱਖ ਹੋਇਆ ਹੈ। ਇਸ ਦੇ ਕਾਰਨ ਕਦੇ ਧਾਰਮਕ ਹੁੰਦੇ ਹਨ ਤੇ ਕਦੇ ਰਾਜਸੀ, ਕਦੇ ਇਤਿਹਾਸਕ ਹੁੰਦੇ ਹਨ ਅਤੇ ਕਦੇ ਸਮਕਾਲੀ, ਕਦੇ ਸਮਾਜਕ ਹੁੰਦੇ ਹਨ ਅਤੇ ਕਦੀ ਵਿਅਕਤੀਗਤ। ਪਰ ਕਾਰਨ ਕੋਈ ਵੀ ਹੋਵੇ ... ਮਨੁੱਖ ਸਰੀਰਕ ਅਤੇ ਮਾਨਸਿਕ ਸੰਤਾਪ ਦੀ ਦਸ਼ਾ ਨੂੰ ਭੋਗਦਾ ਆਪਣੇ ਆਪ ਨੂੰ ਅਤਿ ਨਿਤਾਣਾ ਨਿਮਾਣਾ ਸਮਝਦਾ ਹੋਇਆ ਸਮੇਂ ਦੇ ਦੈਂਤ ਅੱਗੇ ਗੋਡੇ ਟੇਕ ਦਿੰਦਾ ਹੈ, ਗਿਆਨ, ਵਿਵੇਕ ਤੇ ਅਮਲੀ ਜੀਵਨ ਤੋਂ ਟੁੱਟ ਕੇ ਉਦਾਸ, ਉਪਰਾਮ ਅਤੇ ਉਦੇਸ਼ ਤੋਂ ਭਟਕਿਆ ਮਾਨਵ ਅਜਿਹੀ ਅਵਸਥਾ ਵਿਚ ਮਾਨਵੀ ਇਤਿਹਾਸ ਦੇ ਹਰ ਪੜਾਅ ਤੇ ਟੁੱਟਿਆ ਹੈ, ਤੇ ਬਿਖਰਿਆ ਹੈ ... ਤੇ ਆਪਣੇ ਕਰਮਾਂ ਨੂੰ ਦੋਸ਼ ਦੇ ਕੇ ਢਹਿ ਢੇਰੀ ਹੋ ਕੇ ਸਬਰ-ਸੰਤੋਖ ਕਰ ਕੇ ਰਹਿ ਜਾਣ ਦਾ ਵਿਸ਼ਵਾਸੀ ਬਣ ਬੈਠਾ ਹੈ।

ਅਜਿਹੀ ਅਵਸਥਾ ਵਿਚ ਘਿਰੇ ਹੋਏ ਮਨੁੱਖ ਤੇ ਮਨੁੱਖੀ ਸਮਾਜ ਨੂੰ ਉਨ੍ਹਾਂ ਦੀਆਂ ਇਹ ਮਹਾਨ ਸਤਰਾਂ ਕੇਵਲ ਆਸਰਾ ਜਾਂ ਉਤਸ਼ਾਹ ਹੀ ਨਹੀਂ ਦਿੰਦੀਆਂ, ਸਗੋਂ ਰੱਬ ਨਾਲ ਕੀਤਾ ਹੋਇਆ ਉਨ੍ਹਾਂ ਦਾ ਰੋਸ-ਮਨੁੱਖ ਨੂੰ ਪ੍ਰੇਰਿਤ ਹੋ ਕੇ ਆਪਣੇ ਲਈ ਕੁਝ ਕਰਨ ਸਕਣ ਦੀ ਪ੍ਰੇਰਣਾ ਦਿੰਦੀਆਂ ਹਨ ਅਸਲ ਵਿਚ ਕਰੁਣਾ ਭਰੀ ਸੁਰ ਵਿਚ ਰੱਬ ਨੂੰ ਦਿੱਤਾ ਉਲ੍ਹਾਮਾ ਉਨ੍ਹਾਂ ਦੀ ਇਸ ਮਹਾਨ ਉਕਤੀ ਵਿਚ ਸ਼ਬਦਾਂ/ਅਰਥਾਂ ਦੇ ਸੰਸਾਰ ਤੋਂ ਪਾਰ ਜਾਂ ਮਾਨਵ ਨੂੰ ਕਰਮ ਲਈ ਉਤੇਜਿਤ ਕਰਦੇ ਹਨ।

ਬਾਬਰ ਦੇ ਹਮਲੇ ਸਮੇਂ ਇਕ ਪਾਸੇ ਤਾਂ ਗੁਰੂ ਨਾਨਕ ਦੇਵ ਸਮੇਂ ਦੀ ਇਤਿਹਾਸਕ ਦਸ਼ਾ, ਸਮਾਜਕ ਸਿਥਲਤਾ ਅਤੇ ਸਭਿਆਚਾਰਕ ਸੰਕਟ ਨੂੰ ਵੇਖਦੇ ਹੋਏ ਪ੍ਰਮਾਤਮਾ ਨਾਲ ਸੰਵਾਦ ਰਚਾਉਂਦੇ ਹਨ — ਪਰ ਦੂਜੇ ਪਾਸੇ ਸਮੇਂ ਦੇ ਹਾਕਮਾਂ ਨੂੰ ਸਿੱਧੀ ਮੂੰਹ 'ਤੇ ਅਜੇਹੀ ਕਰਾਰੀ ਤੇ ਸੱਚੀ ਟਕੋਰ ਮਾਰਦੇ ਹਨ ਜਿਸ ਦੀ ਸੰਸਾਰ ਸਾਹਿਤ ਵਿਚ ਕਿਧਰੇ ਮਿਸਾਲ ਲੱਭਣੀ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ। "ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ।" ਵਾਲੀ ਗੱਲ ਕੇਵਲ ਗੁਰੂ ਨਾਨਕ ਦੇਵ ਹੀ ਕਹਿ ਸਕਦੇ ਸਨ।

ਗੁਰੂ ਨਾਨਕ ਦੇਵ ਦੇ ਜੀਵਨ ਦੀ ਕਰਮ ਲੀਲਾ ਨੂੰ ਜਾਨਣ ਵਾਲੇ ਇਸ ਤੱਥ ਨੂੰ ਭਲੀਭਾਂਤ ਜਾਣਦੇ ਹਨ ਕਿ ਉਹ ਬਚਪਨ ਤੋਂ ਹੀ ਜ਼ਿਹਾਰ ਤੇ ਬਾਤਨ ਵਿਚ ਅੰਤਰ ਦਾ ਕਿੰਨਾ ਤੇ ਕਿਸ ਤਰ੍ਹਾਂ ਵਿਰੋਧ ਕਰਦੇ ਸਨ। ਇਸੇ ਪਾਰਦਰਸ਼ੀ ਰੁਚੀ ਸਦਕਾ ਉਨ੍ਹਾਂ ਪ੍ਰਤੀ ਪਿਤਾ ਮਹਿਤਾ ਕਾਲੂ ਵਲੋਂ ਕੀਤੀਆਂ ਕਿਰਸਾਨੀ ਜਾਂ ਵਿਉਪਾਰ ਜਿਹੇ ਕਿੱਤਿਆਂ ਵਿਚ ਪ੍ਰਵੇਸ਼ ਦੀਆਂ ਕੋਸ਼ਿਸ਼ਾਂ ਵੀ ਸਫਲ ਨਹੀਂ ਸਨ ਹੋ ਸਕੀਆਂ। ਉਹ ਇਨ੍ਹਾਂ ਕਿੱਤਿਆਂ ਦੇ ਵਿਰੋਧੀ ਨਹੀਂ ਸਨ ਸਗੋਂ ਉਸ ਸਮੇਂ ਤੱਕ ਜੁੜ ਚੁੱਕੀ ਇਨ੍ਹਾਂ ਕੁੱਤਿਆਂ ਨਾਲ ਸਮਾਜਕ-ਮੁੱਲ ਮਰਿਯਾਦਾ ਉਨ੍ਹਾਂ ਦੇ ਅੰਦਰਲੀ ਜਿਗਿਆਸਾ ਨੂੰ ਸਰਕਾ ਸਕਣ ਦੇ ਸਮਰੱਥ ਨਹੀਂ ਸੀ।

ਉਹ ਮਹਾਨ ਸੁਧਾਰਕ ਸਨ, ਜੁੱਗ ਪਰਿਵਰਤਕ ਸਨ, ਚਿੰਤਕ ਸਨ ਅਤੇ ਕਰਾਂਤੀਕਾਰੀ ਹੋਣ ਦੇ ਨਾਲ ਨਾਲ ਸਿਖ ਧਰਮ ਦੇ ਸੰਚਾਲਕ ਵੀ ਸਨ ਉਨ੍ਹਾਂ ਦੀ ਬਾਣੀ ਅਤੇ ਸਿੱਖਿਆ ਸਿਖ ਧਰਮ-ਸਾਧਨਾ ਦਾ ਮੂਲ ਸਰੋਤ ਹਨ। ਪਰ ਇਸ ਨੂੰ ਕੇਵਲ ਸਿਖ ਧਰਮ ਨਾਲ ਹੀ ਜੋੜ — ਇਸ ਦੀ ਸਰਬਕਾਲੀਨਤਾ, ਸਰਬ ਵਿਆਪਕਤਾ ਅਤੇ ਮੂਲ ਮਾਨਵ ਹਿਤੈਸ਼ੀ ਕਿਰਦਾਰ ਨੂੰ ਸੰਕੀਰਣ ਕਰਨ ਵਾਲੀ ਗੱਲ ਹੋਏਗੀ। ਕਈ ਵਾਰ ਸਮੀਖਿਅਕਾਂ ਅਤੇ ਵਿਆਖਿਆਕਾਰਾਂ ਨੇ ਸਵਾਰਥ ਸਿਧੀ ਹਿਤ ਅਜਿਹੇ ਯਤਨ ਵੀ ਕੀਤੇ ਹਨ। ਪਰ ਉਹ ਤਾਂ ਆਪ ਅਜਿਹੇ ਵਿਚਾਰਕਾਂ ਨੂੰ ਨਹੀਂ ਸਗੋਂ ਜੀਵਨ ਦੇ ਹਰ ਖੇਤਰ ਵਿਚ ਕਰਮਸ਼ੀਲ ਯੋਧਿਆਂ ਨੂੰ ਪ੍ਰਵੇਸ਼ ਕਰਨ ਲਈ ਪ੍ਰੇਰਿਤ ਕਰਦੇ ਸਨ। ਇਸ ਪ੍ਰਸੰਗ ਵਿਚ ਮੈਨੂੰ ਉਨ੍ਹਾਂ ਦੀ ਕਥਨੀ ਤੇ ਕਰਨੀ ਦਾ ਉਦੇਸ਼ ਵੀਹਵੀਂ ਸਦੀ ਦੇ ਮਹਾਨ ਚਿੰਤਕ ਕਾਰਲ ਮਾਰਕਸ ਨਾਲ ਸੁਮੇਲਤਾ ਰੱਖਦਾ ਪ੍ਰਤੀਤ ਹੁੰਦਾ ਹੈ। ਮਾਰਕਸ ਦਾ ਕਥਨ ਹੈ: ਕਿ ਵਿਚਾਰਵਾਨ ਅੱਜ ਤੱਕ ਫਲਸਫੇ ਦੀ ਵਿਆਖਿਆ ਕਰਦੇ ਰਹੇ ਹਨ ਪਰ ਹੁਣ ਉਸ ਪਰਮ ਸੱਚ ਦੇ ਆਸ਼ੇ ਅਨੁਸਾਰ ਸਮਾਜ ਨੂੰ ਬਦਲਣ ਦੀ ਲੋੜ ਹੈ।

ਆਪਣੇ ਅਸਲ ਮਨੋਰਥ ਵੱਲ ਮੁੜਦਾ ਹੋਇਆ ਮੈਂ ਉਨ੍ਹਾਂ ਦੇ ਇਸ ਉਚਾਰ ਦੀ ਸਮਕਾਲੀਨ ਲੋੜ ਤੇ ਪ੍ਰਸੰਗਕਤਾ ਬਾਰੇ ਕੁਝ ਕਹਿਣਾ ਜ਼ਰੂਰੀ ਸਮਝਦਾ ਹਾਂ। ਜ਼ਰਾ ਗਹੁ ਨਾਲ ਵੇਖੀਏ ਤਾਂ ਕੀ ਅੱਜ ਸਾਡੇ ਸਮਾਜ ਵਿਚ — 'ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਿਉ ਖਾਈ' ਵਾਲੀ ਵਿਵਸਥਾ ਨਹੀਂ। ਕੀ ਅੱਜ ਅਸੀਂ ਕੁਟਿਲ ਸਾਂਸਕ੍ਰਿਤਕ ਦਬਾਅ ਹੇਠ ਆਪਣੀ ਬੋਲੀ, ਪਹਿਰਾਵੇ, ਰਹਿਣ ਸਹਿਣ ਦੇ ਢੰਗ ਅਤੇ ਸਭਿਆਚਾਰਕ ਮੌਲਕਿਤਾ ਤੋਂ ਦੂਰ ਨਹੀਂ ਜਾ ਰਹੇ? ਕੀ ਅੱਜ ਅਸੀਂ ਜਾਤ, ਜਨਮ, ਧਰਮ, ਜਾਇਦਾਦ ਦੇ ਆਧਾਰ 'ਤੇ ਮਨੁੱਖ ਨੂੰ ਮਨੁੱਖ ਨਾਲੋਂ ਵੰਡ ਕੇ ਨਹੀਂ ਵੇਖ ਰਹੇ? ਕੀ ਸਾਡੀ ਰੋਜ਼-ਮਰਾ ਦੀ ਜ਼ਿੰਦਗੀ ਤੇ ਵਰਤੋਂ - ਵਿਹਾਰ ਵਿਚ ਉਹੀ ਭੇਖ ਤੇ ਵਿਖਾਵਾ ਫੇਰ ਕਾਬਜ਼ ਨਹੀਂ ਹੋ ਗਿਆ? ਕੀ ਅੱਜ ਅਸੀਂ ਰਾਜਸੀ ਹੀ ਨਹੀਂ ਸਗੋਂ ਮਾਨਸਿਕ, ਭਾਵੁਕ ਤੇ ਬੌਧਿਕ ਤੌਰ 'ਤੇ ਉਥਲ ਪੁਥਲ ਦੇ ਸਮੇਂ ਵਿਚੋਂ ਨਹੀਂ ਲੰਘ ਰਹੇ। ਜੇ ਅੱਜ ਤੇ ਵਿਸ਼ੇਸ਼ ਕਰਕੇ ਅੱਜ ਅਜਿਹਾ ਵਾਤਾਵਰਣ ਸਾਡੇ ਆਲੇ ਦੁਆਲੇ ਮੰਡਰਾ ਰਿਹਾ ਹੈ ਤਾਂ ਕਿਉਂ ਅਸੀਂ ਮੂਕ ਦਰਸ਼ਕ ਬਣੀਂ ਬੈਠੇ ਹਾਂ? ਕਿਉਂ ਨਹੀਂ ਅਸੀਂ ਉਨ੍ਹਾਂ ਦੇ ਦੱਸੇ ਰਾਹ 'ਤੇ ਤੁਰ ਕੇ ਇਸ ਸਾਰੇ ਕੁਕਰਮ ਦਾ ਵਿਰੋਧ ਕਰਦੇ? ਕਦੋਂ ਤੱਕ ਅਸੀਂ 'ਕੂੜ ਅਮਾਵਸ' ਦੀ ਸਥਿਤੀ ਵਿਚ ਬੈਠੇ 'ਸੱਚ ਚੰਦਰਮਾ' ਦੇ ਚੜ੍ਹਨ ਦੀ ਉਡੀਕ ਕਰਦੇ ਰਹਾਂਗੇ?

ਪੰਜਾਬ ਦੀ ਧਰਤੀ 'ਤੇ ਰਹਿੰਦਿਆਂ, ਪੰਜਾਬੀ ਬੋਲੀ ਨੂੰ ਸੁਣਨ/ਬੋਲਣ ਹੋਣ ਵਾਲਿਆਂ ਸਦਕਾ ਤੇ ਇਸ ਤੋਂ ਵੀ ਵੱਧ ਆਪਣੇ ਆਪ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮੁਦੱਈ ਸਮਝਦੇ ਹੋਏ ... ਅਸੀਂ ਲਗਾਤਾਰ ਆਪਣੀਆਂ ਅੱਖਾਂ ਨਾਲ ਵਾਪਰ ਰਹੇ ਸਭ ਕਾਸੇ ਨੂੰ ਵੇਖ ਰਹੇ ਹਾਂ ਤੇ ਚੁੱਪ ਹਾਂ। ਕੀ ਪੰਜਾਬ ਦੀ ਧਰਤੀ 'ਤੇ ਜਾਂ ਪੰਜਾਬੋਂ ਬਾਹਰ ਪੰਜਾਬੀਆਂ ਨਾਲ ਐਹੋ ਜਿਹਾ ਕੁਝ ਵਾਪਰਦਾ ਹੀ ਰਹੇਗਾ? ਤੇ ਅਸੀਂ ਫਿਰ ਵੀ ਆਪਣੇ ਆਪ ਨੂੰ ਪੰਜਾਬੀ ਅਖਵਾਉਣ 'ਤੇ ਮਾਣ ਕਰਦੇ ਰਹਾਂਗੇ ...।

ਪ੍ਰੋ: ਲੋਕ ਨਾਥ

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

**Tel: Off.**
**324-9441**

# ਰਾਜੀਵ ਦੇ ਸੁਰੱਖਿਆ ਪ੍ਰਬੰਧ ਯੋਰਪੀ ਏਜੰਸੀ ਦੇ ਹਵਾਲੇ



## ਪੱਛਮੀ ਦੇਸ਼ਾਂ ਦਾ ਦਖਲ ਵਧਣ ਲੱਗਾ — ਊਨੀ ਕ੍ਰਿਸ਼ਨਨ

ਨਵੀਂ ਦਿੱਲੀ — ਕਾਂਗਰਸ (ਐਸ) ਦੇ ਜਨਰਲ ਸਕੱਤਰ ਮਿ: ਊਨੀ ਕ੍ਰਿਸ਼ਨਨ ਨੇ ਇਹ ਭੇਤ ਖੋਲ੍ਹ ਕੇ ਸਿਆਸੀ ਹਲਕਿਆਂ ਨੂੰ ਹੈਰਾਨ ਕਰ ਦਿੱਤਾ ਕਿ ਹਿੰਦ ਸਰਕਾਰ ਨੇ ਰਾਜੀਵ ਗਾਂਧੀ ਦੀ ਸੁਰੱਖਿਆ ਦੇ ਪ੍ਰਬੰਧ ਅਤੇ ਦੂਸਰੇ ਵੱਡੇ ਨੇਤਾਵਾਂ ਅਤੇ ਅਧਿਕਾਰੀਆਂ ਦੇ ਬਚਾਉ ਦੇ ਕੰਮ ਦੀ ਜ਼ਿਮੇਂਵਾਰੀ ਵੀ ਇਕ ਯੂਰਪੀ ਏਜੰਸੀ ਨੂੰ ਸੌਂਪ ਦਿੱਤੀ ਹੈ। ਉਹਨਾਂ ਭਰੋਸੇਯੋਗ ਵਸੀਲਿਆਂ ਦੇ ਹਵਾਲੇ ਨਾਲ ਕਿਹਾ ਹੈ ਕਿ ਇਸ ਏਜੰਸੀ ਵਿਚ ਇਟਲੀ ਵਾਲਿਆਂ ਦਾ ਖਾਸ ਹੱਥ ਹੈ (ਯਾਦ ਰਹੇ ਸੋਨੀਆਂ ਗਾਂਧੀ ਇਟਲੀ ਦੀ ਧੀ ਹੈ) ਅਜੇਹਾ ਕਿਉਂ ਕੀਤਾ ਜਾ ਰਿਹਾ ਹੈ, ਕੀ ਭਾਰਤ ਵਿਚ ਸੁਰੱਖਿਆ ਦੇ ਪ੍ਰਬੰਧ ਕਰਨ ਵਾਲਾ ਕੋਈ ਨਹੀਂ ਹੈ ?

ਮਿ: ਊਨੀ ਕ੍ਰਿਸ਼ਨਨ ਨੇ 'ਟਾਈਮਜ਼ ਆਫ ਇੰਡੀਆ' ਨੂੰ ਦੱਸਿਆ ਕਿ ਇਸ ਤਰ੍ਹਾਂ ਕਰਕੇ ਪ੍ਰਧਾਨ ਮੰਤਰੀ ਸਾਮਰਾਜੀ ਤਾਕਤਾਂ ਹੱਥ ਖੇਡ ਰਹੇ ਹਨ। ਕਿਉਂਕਿ ਭਾਰਤ ਦੇ ਸਿਵਲ ਸਰਵਿਸ ਦੇ ਅਧਿਕਾਰੀਆਂ ਨੂੰ ਅਮਰੀਕਨ ਯੂਨੀਵਰਸਿਟੀਆਂ ਤੇ ਏਜੰਸੀਆਂ ਵਿਚ ਟਰੇਨਿੰਗ ਦੇਣ ਅਤੇ ਅਮਰੀਕਾ ਪਾਸੋਂ ਸੁਪਰ ਕੰਪਿਊਟਰ ਲੈਣ ਬਾਰੇ ਸਮਝੌਤੇ ਕੀਤੇ ਜਾ ਰਹੇ ਹਨ। ਇਸ ਸਬੰਧ ਵਿਚ ਰੀਗਨ-ਰਾਜੀਵ ਵਾਰਤਾ ਵਿਚ ਬਹੁਤ ਕੁਝ ਤੈਹ ਹੋਇਆ ਹੈ। ਪਰ ਮਿ: ਊਨੀ ਕ੍ਰਿਸ਼ਨਨ ਨੇ ਇਹ ਭੇਤ ਪ੍ਰਾਪਤ ਕਰਨ ਦਾ ਵਸੀਲਾ ਨਹੀਂ ਦੱਸਿਆ ਅਤੇ ਨਾ ਹੀ ਯੋਰਪ ਦੀ ਇਸ ਏਜੰਸੀ ਦਾ ਨਾਂ ਦੱਸਿਆ ਹੈ। ਉਹਨਾਂ ਇਸ ਸਬੰਧ ਵਿਚ ਛੇਤੀ ਹੀ ਪੂਰੀ ਤਫਸੀਲ ਦੇਣ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਜੇਕਰ ਇਹ ਸਭ ਕੁਝ ਠੀਕ ਹੈ ਤਾਂ ਫਿਰ ਫੇਅਰਫੈਕਸ ਦਾ ਮਾਮਲਾ ਵੀ ਜ਼ਰੂਰ ਹੀ ਠੀਕ ਹੋਵੇਗਾ।

ਮਿ: ਊਨੀ ਕ੍ਰਿਸ਼ਨਨ ਨੂੰ ਪੁਛਿਆ ਗਿਆ ਕਿ ਕੀ ਇਸ ਸਮੇਂ ਪ੍ਰਧਾਨ ਮੰਤਰੀ ਦੀ ਸੁਰੱਖਿਆ ਲਈ ਨੀਯਤ ਬਲੈਕ ਐਕਟ ਕਮਾਂਡੋ ਦੀ ਵਾਗਡੋਰ ਅਗੋਂ ਯੂਰਪੀ ਏਜੰਸੀ ਦੇ ਹੱਥ ਦੇ ਦਿਤੀ ਜਾਏਗੀ ? ਉਤਰ ਵਿਚ ਉਹਨਾਂ ਕਿਹਾ — ਜ਼ਰੂਰ ਅਜੇਹਾ ਹੀ ਹੋਵੇਗਾ। ਇਸਤੋਂ ਜਾਪਦਾ ਹੈ ਕਿ ਭਾਰਤ ਦਾ ਪ੍ਰਧਾਨ ਮੰਤਰੀ ਖੁਦ ਬੁਰੀ ਤਰ੍ਹਾਂ ਅਸਥਿਰਤਾ ਦਾ ਸ਼ਿਕਾਰ ਹੈ। ਜਿਹੜਾ ਪ੍ਰਧਾਨ ਮੰਤਰੀ ਤਿੰਨ ਮਹੀਨੇ ਪਹਿਲਾਂ ਕਹਿੰਦਾ ਸੀ ਕਿ ਸਾਮਰਾਜੀ ਤਾਕਤਾਂ ਭਾਰਤ ਨੂੰ ਅਸਥਿਰ ਕਰਨਾ ਚਾਹੁੰਦੀਆਂ ਹਨ, ਉਹ ਪ੍ਰਧਾਨ ਮੰਤਰੀ ਅੱਜ ਆਪ ਹੀ ਉਹਨਾਂ ਤਾਕਤਾਂ ਦੇ ਹੱਥ ਖੇਡਣ ਲੱਗਾ ਹੈ। ਉਹਨਾਂ ਕਿਹਾ ਕਿ ਸਰਕਾਰ ਦੇ ਕਈ ਐਕਸ਼ਨਾਂ ਤੋਂ ਇਹੋ ਕੁਝ ਸਿਧ ਹੁੰਦਾ ਹੈ। ਨਾ ਕੇਵਲ ਆਈ ਏ ਐਸ ਅਫਸਰਾਂ ਦੀ ਟਰੇਨਿੰਗ ਹਾਵਰਡ ਯੂਨੀਵਰਸਿਟੀ ਤੇ ਹੋਰ ਕਈ ਅਮਰੀਕਨ ਏਜੰਸੀਆਂ ਪਾਸੋਂ ਕਰਾਈ ਜਾ ਰਹੀ ਹੈ। ਉਹਨਾਂ ਕਿਹਾ ਅਜੇਹੀਆਂ ਤਜਵੀਜ਼ਾਂ ਪੰਡਤ ਨਹਿਰੂ ਨੇ 1960 ਤੋਂ ਪਹਿਲਾਂ ਤੇ ਇੰਦਰਾ ਗਾਂਧੀ ਨੇ 1960 ਤੋਂ ਬਾਦ ਰੱਦ ਕਰ ਦਿੱਤੀਆਂ ਸਨ।

# ਬੰਗਲਾ ਦੇਸ਼ ਵਿਚ 10 ਨਵੰਬਰ ਨੂੰ ਘੇਰਾਓ — ਇਰਸ਼ਾਦ ਨੂੰ ਅਸਤੀਫਾ ਦੇਣ ਲਈ ਮਜਬੂਰ ਕੀਤਾ ਜਾਵੇਗਾ

ਢਾਕਾ — ਬੰਗਲਾ ਦੇਸ਼ ਵਿਚ 10 ਨਵੰਬਰ ਨੂੰ ਵਿਰੋਧੀ ਪਾਰਟੀਆਂ ਵਲੋਂ ਸਰਕਾਰੀ ਦਫਤਰਾਂ ਦਾ ਘੇਰਾਓ ਹੋਵੇਗਾ। ਦੂਜੇ ਪਾਸੇ ਫੌਜੀ ਡਿਕਟੇਟਰ ਜਨਰਲ ਇਰਸ਼ਾਦ ਵਲੋਂ ਵਿਰੋਧੀ ਪਾਰਟੀਆਂ ਉਤੇ ਪਾਬੰਦੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਪਿਛਲੇ ਦਿਨ ਬੰਗਲਾ ਦੇਸ਼ ਦੇ ਚਾਰ ਵੱਡੇ ਸ਼ਹਿਰਾਂ ਵਿਚ ਜ਼ਬਰਦਸਤ ਮੁਜ਼ਾਹਰੇ ਕੀਤੇ ਗਏ ਅਤੇ ਇਰਸ਼ਾਦ ਤੋਂ ਅਸਤੀਫੇ ਦੀ ਮੰਗ ਕੀਤੀ ਗਈ।

ਵਿਰੋਧੀ ਪਾਰਟੀਆਂ ਅਤੇ ਮਜ਼ਦੂਰ ਸੰਗਠਨ ਰਲਕੇ ਇਰਸ਼ਾਦ ਵਿਰੁੱਧ ਮੁਹਿੰਮ ਲਾਮਬੰਦ ਕਰ ਰਹੇ ਹਨ। ਮੁਜ਼ਾਹਰਿਆਂ ਸਮੇਂ ਭੀੜ ਨੇ ਪੁਲਸ ਦੀਆਂ ਦੋ ਗੱਡੀਆਂ ਜਾਲ ਦਿੱਤੀਆਂ — ਇਕ ਮੋਟਰ ਸਵਾਰ ਸਿਪਾਹੀ ਮਾਰਿਆ ਗਿਆ ਤੇ ਦਰਜਨ ਦੇ ਕਰੀਬ ਪੁਲੀਸਮੈਨ ਜ਼ਖਮੀ ਹੋਏ।

## ਵੱਡੇ ਪੈਮਾਨੇ 'ਤੇ ਗ੍ਰਿਫਤਾਰੀਆਂ

ਸਾਰੇ ਦੇਸ਼ ਵਿਚ ਮਜ਼ਦੂਰ ਨੇਤਾਵਾਂ ਅਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੀਆਂ ਗ੍ਰਿਫਤਾਰੀਆਂ ਵੱਡੇ ਪੈਮਾਨੇ ਉਤੇ ਕੀਤੀਆਂ ਜਾ ਰਹੀਆਂ ਹਨ।

# ਡਾ: ਰਘਬੀਰ ਸਿੰਘ ਵੈਨਕੂਵਰ ਵਿੱਚ



ਵੈਨਕੂਵਰ — ਆਪਣੇ ਅਮਰੀਕਾ ਦੇ ਦੌਰੇ ਤੋਂ ਪਿਛੋਂ ਡਾ: ਰਘੁਬੀਰ ਸਿੰਘ ਇਥੇ ਪੁੱਜ ਗਏ ਹਨ। ਡਾ: ਰਘੁਬੀਰ ਸਿੰਘ ਇਸ ਸਮੇਂ ਪੰਜਾਬ ਸਾਹਿਤ ਅਕਾਡਮੀ ਦੇ ਸਕੱਤਰ ਹਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬ ਯੂਨੀਵਰਸਿਟੀ ਵਿਚ ਪ੍ਰੋਫੈਸਰ ਹਨ। ਪੰਜਾਬੀ ਸਾਹਿਤ ਨਾਲ ਉਹ ਲੰਮੇ ਅਰਸੇ ਤੋਂ ਜੁੜੇ ਹੋਏ ਹਨ — ਪਿਛਲੇ 22 ਸਾਲ ਤੋਂ 'ਸਿਰਜਣਾ' (ਤ੍ਰੈਮਾਸਕ) ਦੇ ਸੰਪਾਦਕ ਹਨ। 'ਪ੍ਰੀਤਲੜੀ' ਤੋਂ ਪਿਛੋਂ ਅਗਾਂਹਵਧੂ ਪਰਚਿਆਂ ਵਿਚ 'ਸਿਰਜਣਾ' ਦਾ ਨਾਂ ਮਾਣ ਨਾਲ ਲਿਆ ਜਾਂਦਾ ਹੈ।

ਪੰਜਾਬ ਦੀਆਂ ਸਾਹਿਤ ਸਭਾਵਾਂ ਨਾਲ ਉਨ੍ਹਾਂ ਦਾ ਬਹੁਤ ਹੀ ਨਜ਼ਦੀਕ ਦਾ ਰਿਸ਼ਤਾ ਹੈ ਤੇ ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਤਿੰਨ ਸਾਲ ਜਨਰਲ ਸਕੱਤਰ ਵੀ ਰਹੇ ਹਨ।

ਡਾ: ਰਘੁਬੀਰ ਸਿੰਘ ਦਾ ਨਾਂ ਪ੍ਰਸਿੱਧ ਆਲੋਚਕਾਂ ਵਿਚ ਗਿਣਿਆ ਜਾਂਦਾ ਹੈ, ਉਨ੍ਹਾਂ ਦੀ ਸਮਾਲੋਚਨਾ ਦੀ ਪੁਸਤਕ 'ਯਥਾਰਥੀ' ਪ੍ਰਸਿੱਧ ਪੁਸਤਕਾਂ ਵਿਚ ਗਿਣੀ ਜਾਂਦੀ ਹੈ।

ਆਉਂਦੇ ਦਿਨਾਂ ਵਿਚ ਪੰਜਾਬੀ ਲੇਖਕ ਮੰਚ ਵੈਨਕੂਵਰ, ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰਸਟ (ਕੈਨੇਡਾ) ਅਤੇ ਕਲਮ ਪ੍ਰਕਾਸ਼ਤ ਵਲੋਂ ਉਨ੍ਹਾਂ ਦੇ ਸਨਮਾਨ ਵਿਚ ਮੀਟਿੰਗਾਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ।

ਹੁਣ ਚਿੜੀ ਚੂਕੇ, ਨਾ ਹੁਣ ਪਾਂਧੀ ਤੁਰੇ ਮੂੰਹ ਝਾਖਰੇ
ਹੀਰ ਦੇ ਪੰਜਾਬ ਨੂੰ ਕਿਸਦੀ ਨਜ਼ਰ ਹੈ ਖਾ ਗਈ।

ਪੰਨਾ 4 ਦੀ ਬਾਕੀ

ਸ਼ਾਇਦ ਕੇਂਦਰ ਦੇ ਮੂੰਹ ਵੱਲ ਤੱਕਦੇ ਹੋਣ, ਪਰ ਹੁਣ ਹਰ ਰੋਜ਼ ਦੇ ਕਤਲਾਂ ਤੋਂ ਉਹ ਵੀ ਪਰੇਸ਼ਾਨ ਜ਼ਰੂਰ ਹੋਣਗੇ ਕਿ ਇਹ ਕਿਹੋ ਜਹੀ ਕੇਂਦਰ ਸਰਕਾਰ ਹੈ ਜੋ ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠੀ ਹੋਈ ਹੈ।

ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਉਤੇ ਸਾਨੂੰ ਇਹ ਪ੍ਰਣ ਜ਼ਰੂਰ ਕਰਨਾ ਚਾਹੀਦਾ ਹੈ ਕਿ ਦੋਵਾਂ ਤਰ੍ਹਾਂ ਦੇ ਦਹਿਸ਼ਤਗਰਦਾਂ ਨੂੰ ਲਾਹਨਤ ਪਾਈ ਜਾਵੇ ਅਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਲਈ ਬੇਦੋਸ਼ੇ ਲੋਕਾਂ ਦੇ ਕਤਲਾਂ ਨੂੰ ਰੋਕਣ ਲਈ ਕਦਮ ਉਠਾਏ ਜਾਣ।

# ਪ੍ਰਸਾਸ਼ਕ ਦੀ ਨਿਯੁਕਤੀ ਸੰਭਵ

ਚੰਡੀਗੜ੍ਹ — ਆਨੰਦਪੁਰ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੇ ਦੋ ਵੱਖੋ ਵੱਖਰੇ ਇਜਲਾਸ ਹੋਣ ਅਤੇ ਦੋ ਵੱਖੋ ਵੱਖਰੇ ਪ੍ਰਧਾਨ ਚੁਣੇ ਜਾਣ ਦਾ ਆਮ ਸਿਖਾਂ ਵਿਚ ਸਖਤ ਪ੍ਰਤੀਕਰਮ ਹੋਇਆ ਹੈ। ਸਿੱਖ ਜਨਤਾ ਦਾ ਅਕਾਲੀਆਂ ਵਿਰੁਧ ਇਹ ਰੋਸ ਹੋਰ ਤਿੱਖਾ ਹੋਇਆ ਹੈ ਕਿ ਗੁਰਦੁਵਾਰਿਆਂ ਦੀ ਹੇਠੀ ਅਕਾਲੀ ਆਪ ਕਰਵਾਉਂਦੇ ਹਨ। ਦੋ ਪ੍ਰਧਾਨ ਚੁਣੇ ਜਾਣ ਦਾ ਮਤਲਬ ਹੈ ਦੋਵੇਂ ਅਕਾਲੀ ਦਲ ਗੁਰਦੁਵਾਰਿਆਂ ਉਤੇ ਕਬਜ਼ੇ ਲਈ ਡਾਂਗੋ-ਡਾਂਗੀ ਵੀ ਹੋ ਸਕਦੇ ਹਨ। ਸਿਆਸੀ ਹਲਕਿਆਂ ਦਾ ਖਿਆਲ ਹੈ ਕਿ ਇਸ ਹਾਲਤ ਵਿਚ ਸਰਕਾਰ ਪਾਸ ਇਕੋ ਚਾਰਾ ਬਾਕੀ ਰਹਿ ਜਾਏਗਾ ਕਿ ਸ਼੍ਰੋਮਣੀ ਕਮੇਟੀ ਦਾ ਕੰਮ ਚਲਾਉਣ ਲਈ ਇਕ ਪ੍ਰਸਾਸ਼ਕ ਨੀਯਤ ਕਰ ਦਿਤਾ ਜਾਵੇ। ਫਿਰ ਪ੍ਰਸਾਸ਼ਕ ਦੀ ਸਹਾਇਤਾ ਲਈ ਸਲਾਹਕਾਰ ਵੀ ਨੀਯਤ ਕਰਨੇ ਪੈਣਗੇ।

ਸਰਕਾਰੀ ਸੂਤਰਾਂ ਤੋਂ ਇਹ ਪਤਾ ਲੱਗਾ ਹੈ ਕਿ ਜੇਕਰ ਪ੍ਰਸ਼ਾਸਕ ਨਿਯਤ ਕੀਤਾ ਗਿਆ ਤਾਂ ਟਾਸਕ ਫੋਰਸ ਮੁੜ ਸੁਰਜੀਤ ਕਰਨੀ ਪਏਗੀ। ਇਹ ਟਾਸਕ ਫੋਰਸ ਬੰਦੂਕਧਾਰੀਆਂ ਨੂੰ ਦਰਬਾਰ ਸਾਹਿਬ ਵਿਚੋਂ ਕੱਢਣ ਲਈ ਵਰਤੀ ਜਾਏਗੀ। ਭਾਵੇਂ ਪੁਲਸ ਦਰਬਾਰ ਸਾਹਿਬ ਵਿਚ ਨਹੀਂ ਜਾਏਗੀ ਪਰ ਗੁਰਦੁਵਾਰਿਆਂ ਦਾ ਪ੍ਰਬੰਧ ਸਰਕਾਰ ਦੇ ਹੱਥਾਂ ਵਿਚ ਚਲਾ ਜਾਏਗਾ। ਇਕ ਖਬਰ ਇਹ ਵੀ ਹੈ ਕਿ ਐਕਟਿੰਗ ਜਥੇਦਾਰ ਦਰਸ਼ਨ ਸਿੰਘ ਨੂੰ ਅਕਾਲ ਤਖਤ ਤੇ ਮੁੜ ਸਥਾਪਤ ਕਰ ਦਿੱਤਾ ਜਾਏਗਾ।

# ਟੋਰੀ ਸਰਕਾਰ ਫਿਜੀ ਨੂੰ ਹਾਲਾਂ ਵੀ ਕਾਮਨਵੈਲਥ 'ਚ ਰੱਖਣ ਦੀ ਇੱਛਕ

ਲੰਡਨ-ਸੂਵਾ — ਮਲਕਾ ਬਰਤਾਨੀਆਂ ਜੋ ਕਾਮਨਵੈਲਥ ਦੀ ਹੈਡ ਹੈ, ਵਲੋਂ ਫਿਜੀ ਦੇ ਗਵਰਨਰ ਜਨਰਲ ਦਾ ਅਸਤੀਫਾ ਪ੍ਰਵਾਨ ਕੀਤੇ ਜਾਣ ਬਾਦ ਫਿਜੀ ਦਾ ਮਲਕਾ ਬਰਤਾਨੀਆਂ ਨਾਲੋਂ ਨਾਤਾ ਟੁੱਟ ਗਿਆ ਹੈ ਪਰ ਫਿਜੀ ਵਿਚ ਰਾਜ ਪਲਟਾ ਕਰਨ ਵਾਲੇ ਕਰਨਲ ਰਬੂਕਾ ਨੇ ਮਲਕਾ ਬਰਤਾਨੀਆਂ ਨੂੰ ਅਪੀਲ ਕੀਤੀ ਹੈ ਕਿ ਫਿਜੀ ਨੂੰ ਇਕ ਰੀਪਬਲਿਕ ਨਾਤੇ ਕਾਮਨਵੈਲਥ ਵਿਚ ਰੱਖ ਲਿਆ ਜਾਵੇ। ਰਬੂਕਾ ਨੇ ਕਿਹਾ ਹੈ ਕਿ ਰਤੂ ਗਨੀਲਾਊ ਨੂੰ ਮਲਕਾ ਆਪਣਾ ਨਵਾਂ ਗਵਰਨਰ ਜਨਰਲ ਨੀਅਤ ਕਰ ਦੇਵੇ।

ਜਦੋਂ ਕਿ ਫਿਜੀ ਦੀਆਂ ਚੋਣਾਂ ਵਿਚ ਬਣੇ ਪ੍ਰਧਾਨ ਮੰਤਰੀ ਡਾਕਟਰ ਬਵਾਦਰਾ ਨੇ ਕਾਮਨਵੈਲਥ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਫਿਜੀ ਨੂੰ ਕਾਮਨਵੈਲਥ ਤੋਂ ਬਾਹਰ ਰੱਖਿਆ ਜਾਵੇ। ਰਬੂਕਾ ਨੇ ਮਲਕਾ ਨੂੰ ਕਿਹਾ ਹੈ ਕਿ ਫਿਜੀ ਵਿਚ ਉਹ ਸਾਰੀਆਂ ਨਸਲਾਂ ਤੇ ਧਰਮਾਂ ਦੇ ਲੋਕਾਂ ਨੂੰ ਬਰਾਬਰ ਰੱਖਣਗੇ। ਰਬੂਕਾ ਨੇ ਨਵੀਂ ਕੌਂਸਲ ਬਨਾਣ ਬਾਦ ਰਤੂ ਗਨੀਲਾਊ ਨੂੰ ਦੁਬਾਰਾ ਫਿਜੀ ਦਾ ਪ੍ਰਧਾਨ ਬਣਨ ਦੀ ਪੇਸ਼ਕਸ਼ ਕੀਤੀ ਹੈ।

## ਬਰਤਾਨੀਆ ਦਾ ਦੋਹਰਾ ਸਟੈਂਡ

ਕਾਮਨਵੈਲਥ ਕਾਨਫਰੰਸ ਵਿਚ ਭਾਰਤ ਤੇ ਆਸਟਰੇਲੀਆ ਨੇ ਫਿਜੀ ਦੀ ਰਬੂਕਾ ਸਰਕਾਰ ਵਿਰੁਧ ਫੌਜੀ ਸਖਤ ਸਟੈਂਡ ਦੀ ਮੰਗ ਕੀਤੀ, ਪਰ ਮਿਸਿਜ਼ ਥੈਚਰ ਨੇ ਸੁਝਾਉ ਦਿਤਾ ਕਿ ਫਿਜੀ ਦੀ ਨਵੀਂ ਸਰਕਾਰ ਨੂੰ ਆਪਣਾ ਮਸਲਾ ਪੁਰਅਮਨ ਨਿਪਟਾ ਲੈਣ ਲਈ ਸਮਾਂ ਦਿਤਾ ਜਾਏ।

# ਕਿਊਬਕ ਦਾ ਸਾਬਕਾ ਪ੍ਰੀਮੀਅਰ ਰੈਨੀ ਲਵਾਕ ਚਲ ਵਸਿਆ



ਮਾਂਟਰੀਅਲ — ਪਾਰਟੀ ਕਿਊਬਕ ਦਾ ਜਨਮਦਾਤਾ ਅਤੇ ਸਾਬਕਾ ਪ੍ਰੀਮੀਅਰ ਰੈਨੀ ਲਵਾਕ 65 ਸਾਲ ਦੀ ਉਮਰ ਵਿਚ ਦਿਲ ਦੇ ਦੌਰੇ ਕਾਰਨ 2 ਨਵੰਬਰ ਦੀ ਰਾਤ ਨੂੰ ਪੂਰਾ ਹੋ ਗਿਆ। ਕਿਊਬਕ ਨੂੰ ਕੈਨੇਡਾ ਤੋਂ ਵੱਖ ਕਰਨ ਦਾ ਲਹਿਰ ਦਾ ਸਰਗਰਮ ਨੇਤਾ ਪਾਰਟੀ ਤੋਂ ਅਸਤੀਫਾ ਦੇ ਕੇ ਰਿਟਾਇਰ ਹੋ ਚੁਕਿਆ ਸੀ।

ਕੈਨੇਡਾ ਦੀਆਂ ਸਭ ਰਾਜਸੀ ਪਾਰਟੀਆਂ ਵਲੋਂ ਰੈਨੀ ਲਵਾਕ ਦੀ ਮੌਤ ਉਤੇ ਅਫਸੋਸ ਪ੍ਰਗਟ ਕੀਤਾ ਗਿਆ ਹੈ ਅਤੇ ਕਿਊਬਕ ਵਿਚ ਝੰਡੇ ਨੀਵੇਂ ਕਰ ਦਿੱਤੇ ਗਏ ਹਨ। ਲਵਾਕ 9 ਸਾਲ ਕਿਊਬਕ ਦਾ ਪ੍ਰੀਮੀਅਰ ਰਿਹਾ।

# ਕੈਨੇਡਾ ਕੁਝ ਦਹਿਸ਼ਤਪਸੰਦਾਂ ਨੂੰ ਭਾਰਤ ਵਾਪਿਸ ਭੇਜਣ ਲਈ ਤਿਆਰ

ਵੈਨਕੂਵਰ — ਕੈਨੇਡਾ ਨੇ ਭਾਰਤ ਨੂੰ ਦੱਸਿਆ ਹੈ ਕਿ ਭਾਰਤ ਸਰਕਾਰ ਵਲੋਂ ਸ਼ੱਕੀ ਦੱਸੇ ਜਾਣ ਵਾਲੇ ਜਿਨ੍ਹਾਂ ਵਿਅਕਤੀਆਂ ਵਿਰੁਧ ਮੁਕੱਦਮਾ ਦਾਇਰ ਕੀਤਾ ਗਿਆ ਹੈ ਉਨ੍ਹਾਂ ਵਿਚੋਂ ਕੁਝ ਨੂੰ ਹਾਲ ਹੀ ਵਿਚ ਹੋਈ ਭਾਰਤ-ਕੈਨੇਡਾ ਤਬਾਦਲਾ ਸੰਧੀ ਦੇ ਤਹਿਤ ਭਾਰਤ ਭੇਜਿਆ ਜਾ ਸਕਦਾ ਹੈ। ਕੈਨੇਡਾ ਦੇ ਇਕ ਬੁਲਾਰੇ ਨੇ ਯੂ ਐਨ ਆਈ ਨੂੰ ਇਹ ਜਾਣਕਾਰੀ ਦੇਂਦਿਆਂ ਹੋਇਆਂ ਦੱਸਿਆ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਵਿਚਾਲੇ ਹੋਈ ਗੱਲਬਾਤ ਦੌਰਾਨ ਹਾਲ ਹੀ ਵਿਚ ਕਿਸ਼ਤੀ ਰਾਹੀਂ ਨਜਾਇਜ਼ ਢੰਗ ਨਾਲ ਕੈਨੇਡਾ ਪਹੁੰਚੇ 175 ਸਿਖਾਂ ਵਿਰੁਧ ਮੁਕੱਦਮੇ ਦਾ ਮੁੱਦਾ ਵੀ ਉਠਾਇਆ ਗਿਆ। ਬੁਲਾਰੇ ਨੇ ਕਿਹਾ ਕਿ ਭਾਰਤ ਦੀ ਘਰੇਲੂ ਸਥਿਤੀ, ਬਾਰੇ ਕੈਨੇਡਾ ਨੇ ਅਜੇ ਤਕ ਕੋਈ ਅੰਤਮ ਫੈਸਲਾ ਨਹੀਂ ਲਿਆ, ਪਰ ਅਸੀਂ ਭਾਰਤ ਵਿਚਲੇ ਤਾਜ਼ਾ ਘਟਨਾ ਚੱਕਰ ਉਤੇ ਨਜ਼ਰ ਰਖ ਰਹੇ ਹਾਂ, ਜਿਸ ਦਾ ਸਪਸ਼ਟ ਤੌਰ ਤੇ ਕੈਨੇਡਾ ਨਾਲ ਸੰਬੰਧ ਹੈ।

ਗੱਲਬਾਤ ਦੌਰਾਨ ਆਪਸੀ ਹਿਤਾਂ ਦੇ ਹੋਰ ਪ੍ਰਮੁਖ ਮਾਮਲਿਆਂ ਤੋਂ ਇਲਾਵਾ ਸਿਖਾਂ ਨੂੰ ਕੈਨੇਡਾ ਵਿਚ ਸ਼ਰਨ ਦੇਣ ਦੇ ਮੁੱਦੇ ਤੇ ਵੀ ਵਿਚਾਰ ਕੀਤਾ ਗਿਆ। ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕਠਿਨ ਘਰੇਲੂ ਸਮੱਸਿਆਵਾਂ ਨਾਲ ਨਿਬੜਨ ਵਿਚ ਭਾਰਤ ਨੂੰ ਪੇਸ਼ ਮੁਸ਼ਕਲ ਸਥਿਤੀ ਦੇ ਸੰਦਰਭ ਵਿਚ ਭਾਰਤ ਨਾਲ ਹਮਦਰਦੀ ਪ੍ਰਗਟ ਕੀਤੀ।

# TRU FOODS

# ਟਰੂ ਫੂਡਜ਼

10053 - 136A St. Surrey, B.C.

**Ph. (604) 584-7011**

Sale Starts Nov.6, 1987

Sale Ends Nov. 31, 1987 OR Til Quantities Last

# Anniversary Sale

| | | | | |
|---|---|---|---|---|
| No. 1 Whole Manh<br>ਸਾਬਤ ਮਾਂਹ<br>45¢ lb | No. 1 Chana Dal<br>ਛੋਲਿਆਂ ਦੀ ਦਾਲ<br>44¢ lb | Chick Peas<br>ਕਾਬਲੀ ਛੋਲੇ<br>49¢ lb | Green Lentils<br>ਸਾਬਤ ਹਰੇ ਮਸਰ<br>44¢ lb | Chana Flour<br>ਬੇਸਣ<br>$2.35<br>2 kg |
| Chana Flour<br>ਬੇਸਣ<br>$4.99<br>10 lb. | Pea Flour<br>ਮਟਰਾਂ ਦਾ ਆਟਾ<br>$1.99<br>2 kg. | Peas Flour<br>ਮਟਰਾਂ ਦਾ ਆਟਾ<br>$3.99<br>10 lb. | Papad<br>ਪਾਪੜ<br>99¢<br>pk | Corn Flour<br>ਮੱਕੀ ਦਾ ਆਟਾ<br>$6.99<br>20 lb. |
| Unpeeled Mango Pickle<br>ਅੰਬ ਦਾ ਆਚਾਰ<br>$2.25 tin | Lime, Chilli Pachranga & Unpeeled<br>$1.75 bot. | Pop, Cola, Lime Orange and Cream Soda<br>$1.49<br>2 lit. No Deposit | Pepsi 6 pack tin<br>ਪੇਪਸੀ<br>$2.19<br>Plus Deposit | Pepsi/7up<br>750 ml<br>ON SPECIAL |
| Lazeez Tea<br>Best tea of Cylon<br>ਲਜ਼ੀਜ਼ ਚਾਹ<br>$2.99<br>120 pkg | Dairy Land Homo/2% Milk<br>ਦੁੱਧ<br>$3.25<br>4 lit bag | Fresh Chicken Legs<br>ON SPECIAL | 4 Comp. Round Thal Stainless Steel<br>ਸਟੀਲ ਦੇ ਥਾਲ<br>$4.99<br>each | Many more Gifts are ON SALE |

**Get Five Dollars OFF from all size of Patilas**

ਸਾਰੇ ਸਾਈਜ਼ ਦੇ ਪਤੀਲਿਆਂ ਤੇ ਪੰਜ ਡਾਲਰ ਡਿਸਕਾਊਂਟ ਦਿੱਤਾ ਜਾਵੇਗਾ

**We Also transfer PAL to NTSC and Vice Versa**

ਟਰੂ ਫੂਡਜ਼ ਜਿਥੋਂ ਆਪ ਨੂੰ ਨਵੀਂ ਤੋਂ ਨਵੀਂ ਫਿਲਮ ਦੇਖਣ ਨੂੰ ਤੇ ਗੀਤਾਂ ਦੀਆਂ ਭਰੀਆਂ ਹੋਈਆਂ ਟੇਪਾਂ ਸੁਨਣ ਨੂੰ ਮਿਲਦੀਆਂ ਹਨ। ਖਾਣ ਵਾਸਤੇ ਹਫਤੇ ਦੇ ਸੱਤੇ ਦਿਨ ਮਠਿਆਈ ਨਮਕੀਨ ਤੇ ਸਮੋਸੇ ਮਿਲਦੇ ਹਨ। ਹੋਰ ਬਹੁਤ ਸਾਰੀਆਂ ਚੀਜ਼ਾਂ ਸਟੋਰ ਵਿਚ ਸੇਲ ਤੇ ਹਨ। ਜਿੰਨ੍ਹਾਂ ਦਾ ਆ ਕੇ ਫਾਇਦਾ ਉਠਾਓ।

**ਟਰੂ ਫੂਡਜ਼ ਵਲੋਂ ਸਭ ਦੋਸਤਾਂ, ਮਿੱਤਰਾਂ, ਅਤੇ ਰਿਸ਼ਤੇਦਾਰਾਂ ਨੂੰ ਗੁਰੂ ਨਾਨਕ ਦੇ ਜਨਮ ਦਿਨ ਤੇ ਲੱਖ ਲੱਖ ਵਧਾਈ ਹੋਵੇ।**

ਹਮੇਸ਼ਾਂ ਯਾਦ ਰੱਖੋ ਟਰੂ ਫੂਡਜ਼ ਸਾਫ ਸੁਥਰੀ ਗਰੋਸਰੀ ਦਾ ਭੰਡਾਰ।

# ਚੀਨ ਵਿਚ ਲੀਡਰਸ਼ਿਪ ਤਬਦੀਲ

## ਜ਼ਾਓ ਜ਼ਿਆਂਗ ਨਵਾਂ ਲੀਡਰ ਬਣ ਕੇ ਉਭਰਿਆ



ਬੀਜਿੰਗ — ਚੀਨ ਦਾ ਪ੍ਰਧਾਨ ਮੰਤਰੀ ਜ਼ਾਓ ਜ਼ਿਆਂਗ ਚੀਨ ਵਿਚ ਨਵੇ ਲੀਡਰ ਦੇ ਤੌਰ ਉਤੇ ਉਭਰ ਕੇ ਸਾਹਮਣੇ ਆਇਆ ਹੈ। ਕਮਿਊਨਿਸਟ ਪਾਰਟੀ ਦੀ ਨੈਸ਼ਨਲ ਕਾਂਗਰਸ ਇਥੇ ਖਤਮ ਹੋਣ ਉਤੇ ਆਧੁਨਿਕਤਾ ਅਤੇ 'ਖੁਲ੍ਹੇ ਦਰਵਾਜੇ' ਵਾਲੀਆਂ ਨੀਤੀਆਂ ਅਪਨਾਉਣ ਦਾ ਫੈਸਲਾ ਕੀਤਾ ਗਿਆ ਹੈ। ਜ਼ਾਓ ਜ਼ਿਆਂਗ 68 ਵਰ੍ਹਿਆਂ ਦਾ ਹੈ ਜੋ ਡੇਂਗ ਦੀ ਜਗ੍ਹਾ ਲਵੇਗਾ। ਉਸਨੂੰ ਪਾਰਟੀ ਦਾ ਜਨਰਲ ਸਕੱਤਰ ਥਾਪਿਆ ਗਿਆ ਹੈ। ਜ਼ਾਓ ਨੂੰ ਪਹਿਲਾਂ ਜਾਗੀਰਦਾਰੀ ਜਮਾਤ ਦਾ ਪਿਠੂ ਦੱਸਿਆ ਜਾਂਦਾ ਸੀ।

ਰਾਜਸੀ ਦਰਸ਼ਕਾਂ ਦਾ ਵਿਚਾਰ ਹੈ ਕਿ ਆਧੁਨਿਕਤਾ ਆਦਿ ਦੇ ਨਾਂ ਦੇਣ ਨਾਲ ਚੀਨ ਦੀ ਰਾਜਸੀ, ਆਰਥਕ, ਸਮਾਜਕ, ਸਭਿਆਚਾਰਕ, ਹੋਂਦ ਉਤੇ ਬਹੁਤਾ ਪ੍ਰਭਾਵ ਪੈਣ ਦੀ ਸੰਭਾਵਨਾ ਨਹੀਂ ਹੈ। ਚੀਨ ਦਾ 'ਪੱਛਮੀ ਕਰਨ' ਦਰਸ਼ਕਾਂ ਅਨੁਸਾਰ ਮੁਮਕਿਨ ਨਹੀਂ ਕਿਉਂਕਿ ਕਮਿਊਨਿਸਟ ਵਿਚਾਰਧਾਰਾ ਵਿਚ ਉਨ੍ਹਾਂ ਦਾ ਯਕੀਨ ਪੱਕ ਚੁਕਾ ਹੋਇਆ ਹੈ।

# ਖਾੜਕੂ ਗੁੱਟਾਂ ਵਲੋਂ ਨਵੀਆਂ ਨਿਯੁਕਤੀਆਂ ਮੰਨਣੋਂ ਨਾਂਹ

ਅੰਮ੍ਰਿਤਸਰ — ਖਾੜਕੂ ਸਿੱਖ ਸੰਗਠਨਾਂ ਨੇ ਸਾਂਝੇ ਤੌਰ 'ਤੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਕੇ ਤਿੰਨ ਸਿੰਘ ਸਾਹਿਬਾਨ ਦੀਆਂ ਗ੍ਰਿਫਤਾਰੀਆਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੀਆਂ ਗਈਆਂ ਨਵੀਆਂ ਨਿਯੁਕਤੀਆਂ ਨੂੰ ਮਾਨਤਾ ਦੇਣ ਤੋਂ ਨਾਂਹ ਕਰ ਦਿੱਤੀ ਹੈ। 'ਪੰਥਕ ਕਮੇਟੀ' 'ਖਾਲਿਸਤਾਨ ਕਮਾਂਡੋ ਫੋਰਸ', 'ਭਿੰਡਰਾਂਵਾਲੇ ਟਾਈਗਰਜ਼ ਫੋਰਸ' ਅਤੇ 'ਖਾਲਿਸਤਾਨ ਲਿਬਰੇਸ਼ਨ ਫੋਰਸ' ਵਲੋਂ ਜਾਰੀ ਕੀਤੇ ਇਸ ਬਿਆਨ ਵਿਚ ਸਿੰਘ ਸਾਹਿਬ ਦੀਆਂ ਗ੍ਰਿਫਤਾਰੀਆਂ ਦੀ ਕਾਰਵਾਈ ਨੂੰ 'ਤੰਗ ਨਜ਼ਰ ਹਿਦੂ ਤੁਅੱਸਬੀ ਵਿਚਾਰਧਾਰਾ' ਵਾਲੀ ਕੇਂਦਰੀ ਹਕੂਮਤ ਵਲੋਂ ਸਿੱਖਾਂ ਅੱਗੇ ਸੁੱਟੀ ਗਈ ਇਕ ਹੋਰ ਵੰਗਾਰ ਦੱਸਿਆ ਗਿਆ ਹੈ। ਬਿਆਨ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਸਰਕਾਰ ਨੇ ਬਹੁਤ ਛੇਤੀ ਸਿੰਘ ਸਾਹਿਬਾਨ ਨੂੰ ਰਿਹਾ ਨਾ ਕੀਤਾ ਤਾਂ ਅੰਤਿਮ ਨਤੀਜੇ ਦੇ ਤੌਰ 'ਤੇ ਦੇਸ਼ ਅੰਦਰ ਹੇਠਲੀ ਉਪਰ ਲਿਆ ਦਿੱਤੀ ਜਾਵੇਗੀ ਅਤੇ ਇਸ ਲਈ ਸਾਰੀ ਦੀ ਸਾਰੀ ਜ਼ਿਮੇਵਾਰੀ ਮੌਜੂਦਾ "ਗੈਰ ਜ਼ਿਮੇਵਾਰ ਕੇਂਦਰੀ ਨੇਤਾਵਾਂ" ਦੇ ਸਿਰ ਹੋਵੇਗੀ।

ਖਾੜਕੂ ਸੰਗਠਨਾਂ ਨੇ ਇਨ੍ਹਾਂ 'ਜ਼ਾਰਹਾਨਾ' ਗ੍ਰਿਫਤਾਰੀਆਂ ਨੂੰ ਸਿੱਖ ਕੌਮ ਦੀ ਇਕ ਹੋਰ ਬਹੁਤ ਵੱਡੀ ਹੱਤਕ ਦੱਸਿਆ ਹੈ, ਪ੍ਰੰਤੂ ਨਾਲ ਹੀ ਦ੍ਰਿੜ੍ਹਤਾ ਪ੍ਰਗਟਾਈ ਹੈ ਕਿ ਸਿੱਖ ਨੌਜਵਾਨਾਂ ਵਲੋਂ ਆਪਣੀ ਕੌਮ ਦੀ ਚੜ੍ਹਦੀ ਕਲਾ ਅਤੇ ਸੁਤੰਤਰਤਾ ਖਾਤਰ ਆਰੰਭੀ ਗਈ ਲੜਾਈ ਜਾਰੀ ਰੱਖੀ ਜਾਵੇਗੀ ਬੇਸ਼ਕ ਉਸ ਵਾਸਤੇ ਕਿਤਨੀਆਂ ਵਧੇਰੇ ਕੁਰਬਾਨੀਆਂ ਵੀ ਕਿਉਂ ਨਾ ਦੇਣੀਆਂ ਪੈਣ। ਬਿਆਨ ਦੇ ਅਖੀਰ ਵਿਚ ਕਿਹਾ ਗਿਆ ਹੈ ਕਿ ਮੁਗਲਾਂ ਨੇ ਬਿਨਾਂ ਵਜ੍ਹਾ ਸਿੱਖਾਂ ਨਾਲ ਵੈਰ ਵਿਹਾਜਿਆ ਸੀ ਅਤੇ ਉਸ ਦਾ ਨਤੀਜਾ ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ ਰਾਜ' ਦੀ ਕਾਇਮੀ ਵਿਚ ਨਿਕਲਿਆ ਸੀ। ਸੋ ਹੁਣ ਜਿਹੜੇ ਲੋਕ ਖਾੜਕੂ ਸਿੱਖ ਨੌਜਵਾਨਾਂ ਨੂੰ ਅੰਨ੍ਹੇਵਾਹ ਮਾਰ ਮੁਕਾਉਣ ਦੇ ਰਾਹ ਤੁਰੇ ਹੋਏ ਹਨ ਉਨ੍ਹਾਂ ਨੂੰ ਇਤਿਹਾਸ ਦੇ ਅਜਿਹੇ ਸਬਕ ਵੀ ਧਿਆਨ ਵਿਚ ਰੱਖ ਲੈਣੇ ਚਾਹੀਦੇ ਹਨ।

# ਬਈ ਹੱਦ ਹੋ ਗਈ ! ਅੱਠ ਫੁੱਟ ਲੰਬਾ ਗੱਭਰੂ

ਇਹ ਫੋਟੋ ਦੁਨੀਆਂ ਦੇ ਸਭ ਤੋਂ ਲੰਬੇ ਆਦਮੀ ਗੈਬਰੀਅਲ ਮੌਂਡਲੇਨ ਦੀ ਹੈ। ਸੱਜੇ ਬੰਨੇ ਉਸਦੀ ਪਤਨੀ ਮਾਰੀਆ ਹੈ ਜੋ 5 ਫੁੱਟ 3-4 ਇੰਚ ਦੇ ਗੇੜ 'ਚ ਹੈ। ਗੈਬਰੀਅਨ ਦਾ ਕੱਦ 8 ਫੁੱਟ ਹੈ ਤੇ ਉਹ ਸਾਊਥ ਅਫਰੀਕਨ ਮੁਲਕ ਮੌਜਾਂਮਬੀਕ ਦਾ ਬਸ਼ਿੰਦਾ ਹੈ। ਗੈਬਰੀਅਲ ਆਪਣੇ ਇਕ ਕੂਲੇ 'ਚ ਕੋਈ ਨਕਲੀ ਹੱਡੀ ਫਿੱਟ ਕਰਾਉਣ ਵਲੈਤ ਆਇਆ ਹੋਇਆ ਹੈ।

ਹਸਪਤਾਲ ਅਧਿਕਾਰੀ ਉਸ ਮੇਜ਼ ਨੂੰ ਆਖਰੀ ਰੂਪ ਦੇਣ ਵਿਚ ਰੁੱਝੇ ਹੋਏ ਹਨ ਜਿਸ ਤੇ ਲੰਮਾ ਪਾ ਕੇ ਇਸ ਲੰਬੇ ਬੰਦੇ ਦਾ ਆਪਰੇਸ਼ਨ ਕੀਤਾ ਜਾਏਗਾ। ਆਮ ਲੋਕਾਂ ਨੂੰ ਇਹ ਗੱਲ ਜਾਣਨ ਵਿਚ ਬੜੀ ਦਿਲਚਸਪੀ ਹੈ ਕਿ ਗੈਬਰੀਅਲ ਦੀ ਆਪਣੀ ਪਤਨੀ ਨਾਲ ਰੰਗ-ਮੇਲੇ ਸਮੇਂ ਕੀ ਹਾਲਤ ਹੁੰਦੀ ਹੋਵੇਗੀ।



# ਗੋਰਬਾਚੋਵ — ਰੇਗਨ ਮਿਲਣੀ

ਵਾਸ਼ਿੰਗਟਨ — ਸੋਵੀਅਤ ਯੂਨੀਅਨ ਆਗੂ ਮਿਖਾਈਲ ਗੋਰਬਾਚੋਵ ਅਤੇ ਅਮਰੀਕਾ ਦੇ ਪ੍ਰਧਾਨ ਰੇਗਨ ਵਿਚਕਾਰ ਸਿਖਰ ਸੰਮੇਲਨ 7 ਦਸੰਬਰ ਨੂੰ ਹੋਵੇਗਾ। ਇਸ ਸਿਖਰ ਸੰਮੇਲਨ ਸਮੇਂ ਦਰਮਿਆਨੀ ਕਿਸਮ ਦੀਆਂ ਮੀਜ਼ਾਈਲਾਂ ਖਤਮ ਕਰਨ ਦੇ ਫੈਸਲੇ ਉਤੇ ਦੋਵੇਂ ਲੀਡਰ ਦਸਤਖਤ ਕਰਨਗੇ। ਬਾਕੀ ਮੁੱਦਿਆਂ ਉਤੇ ਗਲਬਾਤ ਵੀ ਹੋਵੇਗੀ।

ਅਗਲੇ ਸਾਲ ਪ੍ਰਧਾਨ ਰੇਗਨ ਸੋਵੀਅਤ ਯੂਨੀਅਨ ਦੀ ਯਾਤਰਾ ਉਤੇ ਜਾਣਗੇ।

# ਕਤਲ ਦੇ ਦੋਸ਼ ਵਿਚ ਤਿੰਨ ਨੂੰ ਉਮਰ ਕੈਦ

ਬਸੀ ਪਠਾਣਾ — ਪਟਿਆਲੇ ਜ਼ਿਲੇ ਦੇ ਐਡੀਸ਼ਨਲ ਸੈਸ਼ਨ ਜੱਜ ਸ੍ਰੀ ਜੀ ਐਸ ਗਰੇਵਾਲ ਨੇ ਸਰਹਿੰਦ ਬਲਾਕ ਦੇ ਪਿੰਡ ਟੌਹੜਾ ਦੇ ਤਿੰਨ ਵਿਅਕਤੀਆਂ ਬਚਨ ਸਿੰਘ, ਕੇਹਰ ਸਿੰਘ ਅਤੇ ਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਹੈ ਕਿਉਂਕਿ ਇਨ੍ਹਾਂ ਵਿਰੁੱਧ ਦੋਸ਼ ਸੀ ਕਿ ਇਨ੍ਹਾਂ ਨੇ ਬਲਵੰਤ ਸਿੰਘ ਨੂੰ 9 ਅਪਰੈਲ 1987 ਨੂੰ ਤੇਜ ਧਾਰ ਹਥਿਆਰਾਂ ਨਾਲ ਕਤਲ ਕਰਕੇ ਉਸਦੀ ਲਾਸ਼ ਸਰਹਿੰਦ-ਪਟਿਆਲਾ ਸੜਕ ਉਤੇ ਪਿੰਡ ਆਦਮਪੁਰ ਨੇੜੇ ਸੁੱਟ ਦਿੱਤੀ ਤਾਂ ਜੋ ਇਸ ਕਤਲ ਨੂੰ ਹਾਦਸੇ ਦਾ ਰੂਪ ਦਿੱਤਾ ਜਾ ਸਕੇ। ਪੁਲੀਸ ਨੇ ਉਸ ਸਮੇਂ ਇਸ ਕੇਸ ਨੂੰ ਹਾਦਸੇ ਵਜੋਂ ਹੀ ਪੇਸ਼ ਕੀਤਾ ਸੀ ਪ੍ਰੰਤੂ ਜਾਂਚ ਕਰਨ ਉਪਰੰਤ ਇਹ ਕਤਲ ਦਾ ਮੁਕੱਦਮਾ ਸਾਬਤ ਹੋਇਆ ਸੀ।


# 21 ਨਵੰਬਰ ਨੂੰ

## ਚਰਨਪਾਲ ਗਿੱਲ ਜੋ ਸਰੀ ਵਿਚ ਬੌਬ ਬੋਸ ਸਲੇਟ ਨਾਲ ਖੜ੍ਹਾ ਹੈ, ਨੂੰ ਵੋਟ ਪਾ ਕੇ ਸਫ਼ਲ ਕਰੋ

## ਇਸ ਤਰ੍ਹਾਂ ਭਾਰਤੀ ਕਮਿਊਨਿਟੀ ਦਾ ਮਾਣ ਵਧੇਗਾ

## ਸਿਆਸੀ ਤਾਕਤ ਤੋਂ ਬਿਨਾਂ ਕਿਸੇ ਕਮਿਊਨਿਟੀ ਦੀ ਪੁੱਛਗਿਛ ਨਹੀਂ ਹੁੰਦੀ



Bose

Gill — Finnbogason

Sorensen

Villeneuve — Shaffer

Robinson

Bob Bose
596-2517

Surrey Civic Electors

(ਪਰਮਜੀਤ ਬੋਪਾਰਾਏ ਵਲੋਂ ਸਪੌਂਸਰਡ ਐਡ)

## ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

CONTACT:

**NARESH SHUKLA & BROS.**



ਪ੍ਰਿੰਸ ਰੂਪਰਟ ਵਿਚ
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ

## ਮੋਨੀਕਾ ਵੀਡੀਓ

ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ

**ਫ਼ੋਨ ਕਰੋ : ਪਾਲ ਮੋਦਗਿੱਲ**

627-1637



GM

## WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼ੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫ਼ੈਸ਼ਨਲ ਸੇਲਜ਼ਮੈਨ

**ਗੁਰਜੀਤ ਬਾਵਾ ਢੀਂਡਸਾ**

ਨੂੰ ਜ਼ਰੂਰ ਮਿਲੋ ਜਾਂ ਫ਼ੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜ਼ਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731
Pager 687-1985 #5531

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!





ਗੁਰਜੀਤ ਢੀਂਡਸਾ ਬਾਵਾ



■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

## United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86



San Diago $299.00
Toronto from $318.00
London from $625.00
Montreal from $329.00
San Jose from $199.00
Los Angles from $259.00
San Fransisco from $209.00



ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

CALL TOLL FREE **1-800-663-6699** (B.C. & ALBERTA)

Prices are subject to change without notice

## BAINS TRAVEL SERVICE

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363



ਪੰਜਾਬੀ ਮਾਰਕਿਟ ਵਿਚ

## ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS' SHOES AND LEATHER LUGGAGE & ACCESSORIES

**Mohinder Singh Mann**
**ਮੁਹਿੰਦਰ ਸਿੰਘ ਮਾਨ**

321-4353

**MANN SHOE STORE**

6570 MAIN ST., VANCOUVER, B.C.

# ਡੈਲਟਾ ਮਿੱਲ ਵਿਚ ਕਾਮਿਆਂ ਦੀ ਜਿੱਤ

## 40 ਫੀਸਦੀ ਤਨਖਾਹ ਵਧੀ

ਡੈਲਟਾ — ਡੈਲਟਾ ਦੀ ਨੌਰਥ ਮਿੱਚਲ ਲੰਬਰ ਕੰਪਨੀ ਵਿਚ ਮਾਲਕ ਅਤੇ ਵਰਕਰਾਂ ਵਿਚਕਾਰ ਸਮਝੌਤਾ ਹੋ ਗਿਆ ਹੈ ਜਿਸ ਅਨੁਸਾਰ ਵਰਕਰਾਂ ਨੂੰ ਚਾਲੀ ਫੀ ਸਦੀ ਤਨਖਾਹ ਦਾ ਵਾਧਾ ਹੋਇਆ ਹੈ। ਪਹਿਲਾਂ ਉਥੇ ਘੰਟੇ ਦੇ ਛੇ ਡਾਲਰ ਮਿਲਦੇ ਸਨ ਜਦਕਿ ਹੁਣ ਤਨਖਾਹ ਦਸ ਡਾਲਰ ਪੱਚੀ ਸੈਂਟ ਪ੍ਰਤੀ ਘੰਟਾ ਹੋਵੇਗੀ। ਵਰਕਰਾਂ ਨੂੰ ਕੰਮ ਦੀ ਗਰੰਟੀ ਵੀ ਹੋਵੇਗੀ ਇਸ ਮਿਲ ਵਿਚ ਕੰਮ ਕਰਦੇ ਵਰਕਰ ਪਿਛਲੀ ਮਈ ਵਿਚ ਆਈ. ਡਬਲਯੂ. ਏ. ਵਿਚ ਸ਼ਾਮਲ ਹੋ ਗਏ ਸਨ।

ਪਰਮਜੀਤ ਸਿੰਘ ਨੇ 'ਸਨ' ਅਖਬਾਰ ਨੂੰ ਦੱਸਿਆ ਕਿ 24 ਸਤੰਬਰ ਤੋਂ ਵਰਕਰ ਹੜਤਾਲ ਉਤੇ ਸਨ। ਵਰਕਰਾਂ ਨੇ ਦੋਸ਼ ਲਾਇਆ ਸੀ ਕਿ ਮਾਲਕ ਉਨ੍ਹਾਂ ਦੀ ਲੁੱਟ ਕਰਦਾ ਹੈ ਤੇ ਨਸਲਵਾਦੀ ਹੈ। ਹੜਤਾਲ ਤੋਂ ਪਹਿਲਾਂ 72 ਘੰਟੇ ਦਾ ਕਾਨੂੰਨੀ ਨੋਟਿਸ ਨਾ ਦੇਣ ਕਾਰਨ ਕਈ ਸਮੱਸਿਆਵਾਂ ਵੀ ਪੈਦਾ ਹੋਈਆਂ ਹਨ।

# ਸੱਟਾ ਮਾਰਕਿਟ ਤੋਂ ਅਮਰੀਕੀ ਬੁਖਲਾ ਉਠੇ

ਲਾਸ ਏਂਜਸਲ — ਸਟਾਕ ਐਕਸਚੇਂਜ ਦੇ 'ਕਰੈਸ਼' ਨਾਲ ਅਮਰੀਕਨਾਂ ਦੀ ਹਾਲਤ ਭੈੜੀ ਪੈ ਗਈ ਹੈ। ਇਕ-ਤਿਹਾਈ ਅਮਰੀਕਨਾਂ ਨੇ ਆਪਣੀਆਂ ਛੁੱਟੀਆਂ ਕੈਂਸਲ ਕਰ ਦਿੱਤੀਆਂ ਹਨ — ਘਰਾਂ, ਕਾਰਾਂ ਉਤੇ ਖਰਚ ਬੰਦ ਕਰ ਦਿੱਤੇ ਹਨ।

'ਕਰੈਸ਼' ਕਾਰਨ ਉਹ ਖਰੀਦਣ ਸ਼ਕਤੀ ਗੁਆ ਬੈਠੇ ਹਨ। 52 ਫੀਸਦੀ ਅਮਰੀਕਨ ਇਸ ਪ੍ਰਤੀ ਸ਼ੱਕੀ ਹਨ ਕਿ ਹਾਲਤ ਪਹਿਲਾਂ ਵਾਲੀ ਪੱਧਰ ਉਤੇ ਆ ਜਾਵੇਗੀ — 43 ਫੀਸਦੀ ਦਾ ਕਹਿਣਾ ਹੈ ਕਿ ਗੈਰ-ਜ਼ਰੂਰੀ ਵਸਤਾਂ ਖਰੀਦਣੀਆਂ ਬੰਦ ਹੋ ਜਾਣਗੀਆਂ।

■ ਕੁਦਰਤ ਦੀ ਮਿਹਰ ਸਭ ਉੱਤੇ ਸਾਂਝੀ ਹੈ ਤੇ ਉਹਦੇ ਵਲੋਂ ਹਰ ਇਕ ਨੂੰ ਖੁਲ੍ਹ ਹੈ ਕਿ ਆਪਣੀ ਅਭਿਲਾਖਾ ਅਨੁਸਾਰ ਕੁਦਰਤ ਦੀਆਂ ਦਾਤਾਂ ਨੂੰ ਭੰਨ ਘੜ ਕੇ ਜੋ ਚਾਹੇ ਦੇਖ ਸਕਦਾ ਹੈ।
(ਸ੍ਵੈ-ਪੂਰਨਤਾ ਦੀ ਲਗਨ)

# ਖੱਬੇ ਮੁਹਾਜ਼ ਵਲੋਂ ਫਿਰਕੂ ਵੱਖਵਾਦ ਵਿਰੁਧ ਸੰਘਰਸ਼ ਕਰਨ ਦੀ ਵੰਗਾਰ

ਨਵੀਂ ਦਿੱਲੀ — ਸੂਰਜ ਕੁੰਡ ਦੇ ਆਪੋਜ਼ੀਸ਼ਨ ਪਾਰਟੀਆਂ ਦੇ ਸੰਮੇਲਨ ਤੋਂ ਬਾਦ ਦਿੱਲੀ ਦੇ ਮਾਵਲੰਕਰ ਹਾਲ ਵਿਚ ਪਿਛਲੇ ਦਿਨੀਂ ਖੱਬੇ ਪੱਖੀ ਪਾਰਟੀਆਂ ਦਾ ਸੰਮੇਲਨ ਹੋਇਆ ਜਿਸ ਵਿਚ ਫਿਰਕੂ ਤੇ ਵੱਖਵਾਦੀ ਤਾਕਤਾਂ ਵਿਰੁਧ ਦੇਸ਼-ਵਿਆਪੀ ਅੰਦੋਲਨ ਚਲਾਉਣ ਦਾ ਫੈਸਲਾ ਕੀਤਾ ਗਿਆ ਅਤੇ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਇਕ ਮੁੱਠ ਹੋ ਕੇ ਪੂਰੀ ਤਾਕਤ ਨਾਲ ਦੇਸ਼ ਨੂੰ ਲੀਰੋ ਲੀਰ ਕਰਨ ਵਾਲੀਆਂ ਸ਼ਕਤੀਆਂ ਦਾ ਟਾਕਰਾ ਕਰਨ।

ਇਸ ਤੋਂ ਪਹਿਲਾਂ ਸੂਰਜ ਕੁੰਡ ਸੰਮੇਲਨ ਦਾ ਅਤੇ ਬਾਦ ਵਿਚ ਇਕੱਲੀ ਭਾਰਤੀ ਜਨਤਾ ਪਾਰਟੀ ਨੇ ਰਾਜੀਵ ਗਾਂਧੀ ਦੀ ਸਰਕਾਰ ਨੂੰ ਭੰਗ ਕਰਨ ਦਾ ਮੁੱਖ ਨਾਹਰਾ ਦਿਤਾ ਸੀ। ਦੋਵਾਂ ਸੰਮੇਲਨਾਂ ਦੇ ਨਾਹਰਿਆਂ ਵਿਚ ਅੰਤਰ ਹੈ। ਸੂਰਜ ਕੁੰਡ ਸੰਮੇਲਨ ਵਿਚ ਬਾਗੀ ਕਾਂਗਰਸੀਆਂ ਤੋਂ ਇਲਾਵਾ ਸੱਜੇ ਪੱਖੀ ਆਪੋਜ਼ੀਸ਼ਨ ਵੀ ਸ਼ਾਮਲ ਸੀ। ਜਦੋਂ ਕਿ ਦਿੱਲੀ ਦੇ ਖੱਬੀਆਂ ਪਾਰਟੀਆਂ ਦੇ ਸੰਮੇਲਨ ਵਿਚ ਕਮਿਊਨਿਸਟ ਲੀਡਰ ਈ. ਐਮ. ਐਸ. ਨਬੂਦਰੀਪਾਦ, ਰਾਜੇਸ਼ਵਰ ਰਾਓ, ਐਮ ਫਾਰੂਕੀ, ਹਰਕਿਸ਼ਨ ਸਿੰਘ ਸੁਰਜੀਤ, ਮਿ. ਜਿਓਤੀ ਬਾਸੂ, ਤਰੀਪੁਰਾ ਦੇ ਮੁਖ ਮੰਤਰੀ, ਵੀ. ਪੀ ਸਿੰਘ, ਲੋਕ ਦਲ ਦੇ ਮਿ. ਬਹੁਗੁਣਾ, ਚੰਦਰਜੀਤ ਯਾਦਵ, ਵਿਦਿਆ ਚਰਨ ਸ਼ੁਕਲ, ਅਰੁਨ ਨਹਿਰੂ, ਫਾਰਵਰਡ ਬਲਾਕ ਦੇ ਚਿਤਾ ਬਾਸੂ, ਤੇਲਗੂ ਦੇਸਮ ਦੇ ਲੋਕ ਸਭਾ ਲੀਡਰ ਮਾਧਵ ਰੈਡੀ, ਜਨ-ਮੋਰਚੇ ਦੇ ਕਨਵੀਨਰ ਰਾਮਧਨ, ਕਾਂਗਰਸ (ਐਸ) ਦੇ ਜਨਰਲ ਸੈਕਟਰੀ ਕੇ ਪੀ ਊਨੀ ਕ੍ਰਿਸ਼ਨਨ, ਆਈ ਕੇ ਗੁਜਰਾਲ, ਪੀ ਐਨ ਹਕਸਰ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ, ਜਸਟਿਸ ਕ੍ਰਿਸ਼ਨਾ ਆਇਰ ਆਦਿ ਪਹੁੰਚੇ ਹੋਏ ਸਨ। ਪ੍ਰਧਾਨਗੀ ਜਸਟਸ ਸੁਬਰਾਮਨੀਅਮ ਪੁੱਟੀ ਨੇ ਕੀਤੀ।

## ਸੈਕੂਲਰਇਜ਼ਮ ਤੇ ਅਖੰਡਤਾ ਦੀ ਰਾਖੀ

ਇਸ ਖੱਬੇ ਪੱਖੀ ਸੰਮੇਲਨ ਵਿਚ ਜਿਊਤੀ ਬਾਸੂ ਨੇ ਸੰਮੇਲਨ ਦੇ ਅੰਦੋਲਨ ਦਾ ਖਰੜਾ ਪੇਸ਼ ਕਰਦਿਆਂ ਕਿਹਾ ਕਿ ਲੋਕਾਂ ਨੂੰ ਵੱਖਵਾਦੀ ਤੇ ਫਿਰਕੂ ਕਾਲੀਆਂ ਤਾਕਤਾਂ ਦੇ ਵਿਰੁਧ ਖੜਾ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਆਜ਼ਾਦੀ ਘੋਲ ਸਮੇਂ ਦੀਆਂ ਕੁਰਬਾਨੀਆਂ ਤੋਂ ਇਹ ਅੰਦੋਲਨ ਉਤਸ਼ਾਹ ਲਏਗਾ। ਸੰਮੇਲਨ ਵਿਚ ਮੁਖ ਨਾਹਰੇ ਇਹ ਲਾਏ ਗਏ :—

"ਰਾਸ਼ਟਰੀ ਏਕਤਾ ਦੀ ਰਾਖੀ ਲਈ ਇਕ ਹੋਵੋ" — "ਧਰਮ ਨੂੰ ਰਾਜਨੀਤੀ ਤੋਂ ਵੱਖ ਕਰੋ" — "ਫਿਰਕੂ ਅਤੇ ਵੱਖਵਾਦੀ ਤਾਕਤਾਂ ਵਿਰੁਧ ਡਟੋ" — ਹਰ ਬੁਲਾਰੇ ਨੇ ਇਸ ਨਾਹਰੇ ਉਤੇ ਸਹਿਮਤੀ ਪ੍ਰਗਟ ਕੀਤੀ ਹੈ ਕਿ ਧਰਮ ਕੱਟੜਤਾ ਨੇ ਧਰਮ ਨਿਰਲੇਪਤਾ ਅਤੇ ਜਮਹੂਰੀਅਤ ਉਤੇ ਘਾਤਕ ਹਮਲਾ ਕੀਤਾ ਹੋਇਆ ਹੈ। ਮਤੇ ਵਿਚ ਕਿਹਾ ਗਿਆ ਕਿ ਆਰ ਐਸ ਐਸ ਅਤੇ ਭਾਜਪਾ ਦੀ ਨਵੀਂ ਜਥੇਬੰਦੀ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਭਾਰਤ ਨੂੰ ਹਿੰਦੂ ਰਾਸ਼ਟਰ ਘੋਸ਼ਿਤ ਕਰਨ ਦੀ ਮੰਗ, ਜਮਾਇਤੇ ਇਸਲਾਮੀ ਵਲੋਂ ਰਾਜਾਂ ਦੀ ਆਜ਼ਾਦੀ ਦੀ ਮੰਗ, ਸਿੱਖ ਬੁਨਿਆਦਵਾਦੀਆਂ ਵਲੋਂ ਖੁਲੇ ਤੌਰ ਤੇ ਖਾਲਿਸਤਾਨ ਦਾ ਨਾਹਰਾ ਲਾਏ ਜਾਣ ਕਾਰਨ ਖਤਰਨਾਕ ਸਥਿਤੀ ਪੈਦਾ ਹੋ ਗਈ ਹੈ। ਧਾਰਮਿਕ ਕੱਟੜਤਾ ਨੂੰ ਸਰਕਾਰ ਵਿਚ ਬੈਠੇ ਤਾਕਤਵਰ ਲੋਕ ਪੱਠੇ ਪਾ ਰਹੇ ਹਨ। ਫਿਰਕਾਪ੍ਰਸਤੀ ਤੇ ਵੱਖਵਾਦ ਨੇ ਕੌਮੀ ਸੰਵਿਧਾਨ ਨੂੰ ਹੀ ਖਤਰੇ ਵਿਚ ਪਾ ਦਿੱਤਾ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਖਾਲਿਸਤਾਨ ਦੀ ਮੰਗ ਕਰਨ ਵਾਲੇ ਦਹਿਸ਼ਤਗਰਦਾਂ ਨੇ ਸਿਖਾਂ ਵਿਚ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਰਥਹੀਣ ਬਣਾ ਦਿੱਤਾ ਹੈ। ਗੁਰਦੁਵਾਰਿਆਂ ਦੀ ਵਰਤੋਂ ਕਰਕੇ ਇਹ ਲੋਕ ਦੇਸ਼ ਨਾਲ ਧਰੋਹ ਕਰ ਰਹੇ ਹਨ। ਰਾਸ਼ਟਰੀ ਸੋਇਮ ਸੇਵਕ ਸੰਘ, ਜਮਾਇਤੇ ਇਸਲਾਮੀ, ਮੁਸਲਮ ਯੂਨਾਈਟਿਡ ਫਰੰਟ ਤੇ ਪੰਥਕ ਕਮੇਟੀ ਜਿਹੀਆਂ ਜਥੇਬੰਦੀਆਂ ਲੋਕਾਂ ਨੂੰ ਫਿਰਕੂ ਤੇ ਜਾਤ ਦੇ ਨਾਂ ਉਤੇ ਵੰਡ ਰਹੀਆਂ ਹਨ।

## ਜਿਊਤੀ ਬਾਸੂ



ਜਿਊਤੀ ਬਾਸੂ

ਜਿਊਤੀ ਬਾਸੂ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਰਾਜਨੀਤਕ ਇਛਾ ਸ਼ਕਤੀ ਦੀ ਕਮੀ ਦੇ ਕਾਰਨ ਹੀ ਫਿਰਕੂ ਤੇ ਵੱਖਵਾਦੀ ਤਾਕਤਾਂ ਤੇਜ਼ੀ ਨਾਲ ਵਧੀਆਂ ਹਨ। ਭਾਸ਼ਾ ਧਰਮ ਤੇ ਫਿਰਕੇ ਦੇ ਅਧਾਰ ਉਤੇ ਰਾਜਨੀਤੀ ਕਰਨ ਵਾਲੀਆਂ ਸ਼ਕਤੀਆਂ ਤੇ ਅਨਸਰ ਹੀ ਦੇਸ਼ ਦੀ ਏਕਤਾ ਨੂੰ ਤੋੜਨ ਤੇ ਲਗੇ ਹੋਏ ਹਨ, ਧਰਮ ਨਿਰਲੇਪ ਤਾਕਤਾਂ ਨੂੰ ਇਹਨਾਂ ਖਤਰਨਾਕ ਤੇ ਪਿਛੋਖਿੜੂ ਤਾਕਤਾਂ ਵਿਰੁਧ ਲੜਨਾ ਚਾਹੀਦਾ ਹੈ। ਕਾਂਗਰਸ ਸਭ ਤੋਂ ਵੱਡੀ ਪਾਰਟੀ ਹੋਣ ਦੇ ਬਾਵਜੂਦ ਫਿਰਕੂ ਤਾਕਤਾਂ ਨਾਲ ਗੱਠਜੋੜ ਕਰਦੀ ਹੈ। ਪਰ ਕਾਂਗਰਸ (ਇ) ਵਿਚ ਇਕ ਅਜਿਹਾ ਤਬਕਾ ਵੀ ਹੈ ਜੋ ਪਾਰਟੀ ਦੀਆਂ ਫਿਰਕੂ ਨੀਤੀਆਂ ਵਿਰੁਧ ਲੜਦਾ ਹੈ।


ਜੋਗਿੰਦਰ ਸਿੰਘ ਆਹਲੂਵਾਲੀਆ

ਵਾਲੀਆ ਇਨਸ਼ੋਰੈਂਸ ਏਜੰਸੀ ਦੇ ਮਾਲਕ, ਜੋ ਇਸ ਸਾਲ

**ਸਰੀ ਮਿਊਂਸਪਲ ਚੋਣਾਂ ਵਿਚ ਐਲਡਰਮੈਨ ਲਈ ਆਜ਼ਾਦ (Independent) ਉਮੀਦਵਾਰ ਖੜ੍ਹੇ ਹੋਏ ਹਨ — ਆਪ ਜੀ ਨੂੰ ਬੇਨਤੀ ਹੈ ਕਿ**

**21 ਨਵੰਬਰ, 1987 ਨੂੰ**

ਆਪਣੀ ਵੋਟ ਇਨ੍ਹਾਂ ਨੂੰ ਪਾਓ ਤਾਕਿ ਤੁਹਾਡੀ ਆਵਾਜ਼ ਸਰੀ ਮਿਊਂਸਪੈਲਿਟੀ ਵਿਚ ਪੁਚਾ ਸਕਣ



ਫ਼ੋਨ : 588-6141 (ਦਫ਼ਤਰ)

591-9289 (ਘਰ)

(ਨੋਟ : ਟਰਾਂਸਪੋਰਟੇਸ਼ਨ ਦਾ ਪ੍ਰਬੰਧ ਵੀ ਹੈ)



ਉਤਰੀ ਅਮਰੀਕਾ ਦਾ ਪਹਿਲਾ ਤੇ ਨਿਰੋਲ ਪੰਜਾਬੀ ਸਾਹਿਤਕ ਮਾਸਕ ਪੱਤਰ

**ਕਲਮ**

- ਸਾਲਾਨਾ ਚੰਦਾ 15 ਡਾਲਰ
- ਜੇ ਕੋਈ ਸੱਜਣ ਇੰਡੀਆ, ਇੰਗਲੈਂਡ ਜਾਂ ਹੋਰ ਕਿਸੇ ਦੇਸ਼ ਨੂੰ ਪਰਚਾ ਭਿਜਵਾਉਣਾ ਚਾਹੁੰਦਾ ਹੋਵੇ ਤਾਂ ਪਰਚੇ ਦਾ ਚੰਦਾ 25 ਡਾਲਰ ਹੋਵੇਗਾ।

**ਚੰਦੇ ਦਾ ਫ਼ਾਰਮ**

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................................
Address.......................................................
City...........................................................
Province......................................................
Postal code..................................................
PHONE.

ਰਚਨਾਵਾਂ ਤੇ ਚੰਦੇ ਅੱਜ ਹੀ ਭੇਜੋ

ਭੇਜਣ ਦਾ ਪਤਾ :

The KALAM Monthly
P.O.BOX 67344 Stn. '0'
Vancouver, B.C., Canada V5W 3T1

Large Selection of Punjabi Books For Sale

# SARI PALACE

Airline Tickets to Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੌਸਰੀ, ਹਿੰਦੀ
ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ
ਤੇ ਮਿਲਦੀਆਂ ਹਨ। ਪੈਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ
ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded Punjabi and Hindi cassette tapes & fabrics

News Papers Like India West, Canada DarPan, Also Sold Here EVERY WEEK

**(916) 671-3105**

472 Palora Ave.
Yuba City
Calif. 95991



## NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

**Malkiat Mutti**
representative
320, 815 West Hastings St.
Vancouver, B.C. V6C 2W1

**Bus. 685-9335**
**Res. 522-7167**



DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

*CONTACT:*

# PAUL'S



## *PLUMBING & ELECTRICAL SUPPLY*

4774 Main Street, (At 32nd.)
Vancouver, B.C.

**PH: 872-3118** (Supply)
**872-7227** (Service)

"Free customer parking at rear" OPEN SUNDAYS



# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**
**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8



**Ajaib S. Janda**



VANCOUVER

# Bridal International & Wedding Centre

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

Contact : Sukhdev S. Saini **Ph. (604) 435-2421**

Open : Mon. Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.



- WEDDING ACCESSORIES
- WEDDING CAKES
- WEDDING INIVITATIONS
- CAKE ORNAMENTS
- CAR DECORATIONS
- WEDDING FLOWERS
- GIFTS AND ALLIED ITEMS, etc.





LADIES TAILOR FOR PUNJABI SUITS, SARI BLOUSES & DRESSES

*Limousine Service* [Daily or Hourly]

**3333 KINGSWAY AT JOYCE, VANCOUVER, B.C.**

# ਕਮਿਊਨਿਟੀ ਖਬਰਾਂ — (ਤਸਵੀਰਾਂ ਰਾਹੀਂ)



ਬੰਬੇ ਸਵੀਟਸ ਦੇ ਮੈਨੇਜਰ ਨਰੇਸ਼ ਸ਼ੁਕਲਾ ਦੀਵਾਲੀ ਦੇ ਸਮਾਗਮ ਸਮੇਂ ਬੀਨੋਂ ਫਰੇਜ਼ਨ ਐਮ. ਪੀ. ਨਾਲ। ਸ੍ਰੀ ਸ਼ੁਕਲਾ ਹਿੰਦੂ ਵਿਸ਼ਵ ਪ੍ਰੀਸ਼ਦ ਦੇ ਪ੍ਰਧਾਨ ਹਨ।



ਬਰਨਬੀ ਦੀ ਐਲਡਰਮੈਨ ਉਮੀਦਵਾਰ ਨਾਲ ਸਰਵਣ ਸਿੰਘ ਰੰਧਾਵਾ ਤੇ ਖੁਸ਼ਪਾਲ ਗਿੱਲ



ਤਸਵੀਰ ਵਿਚ ਬੌਬ ਵੈਨਮੈਨ ਐਮ. ਪੀ., ਬੀਨੋਂ ਫਰੇਜ਼ਨ ਤੇ ਸਰੀ ਦੀ ਐਲਡਰਮੈਨ ਬੌਨੀ ਸ਼ਰਿਗ



ਬਰਨਬੀ ਸਿਟੀਜਨਜ਼ ਐਸੋਸੀਏਸ਼ਨ ਦੇ ਮੇਅਰ ਲਈ ਉਮੀਦਵਾਰ ਕੋਪਲੈਂਡ ਨਾਲ ਸੁਰਜੀਤ ਗਿੱਲ, ਭਲਿੰਦਰ ਮੁੰਡੀ, ਸੋਹਣ ਦਿਉ ਤੇ ਗੁਰਦੀਪ ਗਿੱਲ


**MORTGAGE MONEY?**

Bad credit rating? Turn Down?

**NO PROBLEM**

High mortgage amounts available on conventional basis
No insurance fees!
Purchasing or re-financing

Residential, Commercial, Motels & Interim financing.
1st & 2nd Mortgages

1 & 2nd Mortgage up to 85-90%

**AFRO-CANADIAN MORTGAGE LTD.**

8 YEARS EXPERIENCE
SHERALI VELJI
Monday to Friday 9.30 to 5.30
Saturday 11-4

**Ph. 433-6391**
Ste. 300-3665 Kingsway Vancouver, B.C.
Res: 433-7975


■ ਦੁਨੀਆਂ ਇਕ ਰਚਨਾ ਹੈ। ਇਥੇ ਰਚਣ ਵਾਲੇ ਹੀ ਪ੍ਰਸੰਨ ਰਹਿ ਸਕਦੇ ਹਨ।
■ ਮਨੁੱਖ ਇਸ ਵਿਸ਼ਾਲ ਬ੍ਰਹਿਮੰਡ ਵਿਚ ਇਕ ਨਿੱਕੀ ਜਿਹੀ ਧੜਕਣ ਹੈ।


## Hans Appliances

ਅਸੀਂ ਫਰਿਜ਼, ਸਟੋਵ, ਡਰਾਇਰ, ਵਾਸ਼ਰ, ਮਾਈਕਰੋਵੇਵ ਤੇ ਹੋਰ ਘਰੇਲੂ ਐਪਲਾਈਂਸਜ਼ ਦੀ ਮੁਰੰਮਤ ਕਰਦੇ ਹਾਂ।



We also buy/sell old & new appliances



Reasonable Rates

**Phone 585-0782**

## ਘਰ ਵਿਕਾਊ ਹੈ

ਐਲਡਰਗਰੋਵ ਵਿਚ 1250 ਸੁਕੇਅਰ ਫੁੱਟ ਛੋਟਾ ਘਰ ਵਿਕਾਊ ਹੈ। ਤਿੰਨ ਬੈਡ ਰੂਮ, ਸਿਰਫ ਚਾਰ ਸਾਲ ਪੁਰਾਣਾ ਤੇ ਇਕ ਕਾਰ ਲਈ ਕਾਰਪੋਰਟ ਹੈ। ਲਾਂਡਰੀ ਵੀ ਹੈ। 5 ਅਪਲਾਇੰਸ ਸਣੇ ਕੀਮਤ ਸਿਰਫ

**$49,500.00**

856-5993

ਵੈਨਕੂਵਰ ਦੇ ਇਲਾਕੇ ਵਿਚ ਨਵੇਂ ਘਰਾਂ ਜਾਂ ਪੁਰਾਣੇ ਘਰਾਂ ਦੀ ਬੇਸਮਿੰਟਾਂ ਜਾਂ ਨਵੇਂ ਘਰ ਕਸਟਮ ਢੰਗ ਨਾਲ ਤਿਆਰ ਕਰਦੇ ਹਾਂ। ਐਸਟੀਮੇਟ ਲੈਣ ਲਈ ਫੋਨ ਕਰੋ

588-7246-ਵੈਨਕੂਵਰ ਲਈ,

856-5993 ਮਿਸ਼ਨ ਐਬਸਫੋਰਡ ਲਈ,



# ਮੇਅਰ ਡੌਨ ਰੌਸ ਵੱਲੋਂ

# ਜ਼ਰੂਰੀ ਸੁਨੇਹਾ

**ਪਿਛਲੇ ਅੱਠ ਸਾਲ ਤੋਂ ਸਰੀ ਮਿਉਂਸਪਲ ਇਲੈਕਟਰਜ਼ ਟੀਮ ਨੇ ਸੂਬੇ ਦੀਆਂ ਸਾਰੀਆਂ ਮਿਉਂਸਪੈਲਟੀਆਂ ਵਿਚੋਂ ਅਹਿਮ ਪੁਜ਼ੀਸ਼ਨ ਹਾਸਲ ਕਰਕੇ ਸਰੀ ਦਾ ਨਾਂ ਉਚਾ ਕੀਤਾ ਹੈ। ਇਹ ਸੰਭਵ ਇਸੇ ਕਰਕੇ ਹੋ ਸਕਿਆ ਹੈ ਕਿ ਲੀਡਰਸ਼ਿਪ, ਦੂਰ-ਅੰਦੇਸ਼ੀ ਅਤੇ ਪਹਿਲ ਕਰਨ ਦੀ ਭਾਵਨਾ ਦਾ ਆਪਸੀ ਮੇਲ ਸੀ। ਐਸ. ਐਮ. ਈ. ਨੇ ਸਖਤ ਮਿਹਨਤ ਕਰਕੇ ਸਰੀ ਦੇ ਲੋਕਾਂ ਦੇ ਜੀਵਨ ਅਤੇ ਸਾਡੀ ਬਹੁ-ਸਭਿਆਚਾਰਕ ਕਮਿਊਨਿਟੀ ਦੇ ਵਾਸੀਆਂ ਤੇ ਗੁਆਂਢੀਆਂ ਦੇ ਮਨਾਂ ਵਿਚ ਚੰਗੇ ਜੀਵਨ ਅਤੇ ਤਰੱਕੀ ਦੀ ਭਾਵਨਾ ਨੂੰ ਪੈਦਾ ਕੀਤਾ ਹੈ।**

ਹੁਣ, ਜਦੋਂ ਮੈਂ ਮੇਅਰ ਦਾ ਅਹੁਦਾ ਛੱਡ ਰਿਹਾ ਹਾਂ, ਮੈਂ ਤੁਹਾਡੇ ਉਤੇ ਮਾਣ ਕਰਕੇ ਤੁਹਾਨੂੰ ਕਹਿਣ ਦੀ ਦਲੇਰੀ ਕਰ ਰਿਹਾ ਹਾਂ ਕਿ ਤੁਸੀਂ ਹੁਣ **ਪਾਲ ਈਸਟਨ** ਨੂੰ ਆਪਣਾ ਮੇਅਰ ਚੁਣੋ ਜੋ ਲੰਮੇ ਸਮੇਂ ਤੋਂ ਸਰੀ ਵਿਚ ਰਹਿ ਰਿਹਾ ਹੈ ਅਤੇ ਲੰਮੇਂ ਸਮੇਂ ਤੋਂ ਐਲਡਰਮੈਨ ਚਲਿਆ ਆ ਰਿਹਾ ਹੈ। ਪਾਲ ਈਸਟਨ ਬਹੁਤ ਮਿਹਨਤੀ ਅਤੇ ਦੂਰ-ਅੰਦੇਸ਼ ਲੀਡਰ ਹੈ। ਉਸ ਦੀ ਪੱਕੀ ਧਾਰਨਾ ਹੈ ਕਿ ਸਾਡੀ ਖੁਲ੍ਹੀ ਡੁਲ੍ਹੀ ਪਾਲਿਸੀ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਅਤੇ ਮੇਅਰ ਤੇ ਸਰੀ ਦੀ ਇੰਡੋ-ਕੈਨੇਡੀਅਨ ਕਮਿਉਨਿਟੀ ਦੇ ਸਬੰਧ ਹੋਰ ਮਜ਼ਬੂਤ ਕੀਤੇ ਜਾਣ। ਨਾਲ ਹੀ, ਮੈਂ ਤੁਹਾਨੂੰ ਐਸ. ਐਮ. ਈ. ਦੇ ਐਲਡਰਮੈਨਾਂ ਅਤੇ ਸਕੂਲ ਬੋਰਡ ਟਰੱਸਟੀਆਂ ਨੂੰ ਚੁਨਣ ਲਈ ਬੇਨਤੀ ਕਰਦਾ ਹਾਂ। ਪਾਲ ਈਸਟਨ ਅਤੇ ਉਸਦੀ ਸਲੇਟ ਦੇ ਉਮੀਦਵਾਰਾਂ ਦਾ ਜਿਤਣਾ ਏਕਤਾ ਦੀ ਭਾਵਨਾ ਨੂੰ ਮਜ਼ਬੂਤ ਕਰੇਗਾ — ਇਹ ਹੀ ਐਸ. ਐਮ. ਈ. ਦੀ ਫਿਲਾਸਫ਼ੀ ਹੈ ... ਇਸ ਤਰ੍ਹਾਂ, ਇਹ ਜਾਰੀ ਰਹੇਗੀ ... ਇਹ ਵਤੀਰਾ ਇਸ ਲਈ ਜ਼ਰੂਰੀ ਹੈ ਤਾਕਿ ਸਰੀ ਵਿਚ ਸ਼ਾਂਤੀ ਤੇ ਏਕਤਾ ਜਾਰੀ ਰਹਿ ਸਕੇ।

**ਦਸ ਸਾਲ ਪਹਿਲਾਂ ਸਾਬਕਾ ਮੇਅਰ ਬਿੱਲ ਵੋਗਲ ਨੇ ਸਰੀ ਦਾ ਮਾਣ ਵਧਾਇਆ। ਪਿਛਲੇ ਅੱਠ ਸਾਲ ਤੋਂ ਮੈਂ ਸਥਿਰਤਾ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਅਤੇ ਮੈਨੂੰ ਪਤਾ ਹੈ ਕਿ ਪਾਲ ਈਸਟਨ ਤੇ ਐਸ. ਐਮ. ਈ. ਦੇ ਉਮੀਦਵਾਰ ਇਨ੍ਹਾਂ ਗੁਣਾਂ ਨੂੰ ਹੋਰ ਪ੍ਰਫੁਲਤ ਕਰਨਗੇ ਅਤੇ ਸਰੀ ਮਾਣ ਅਤੇ ਭਰੋਸੇ ਨਾਲ ਅੱਗੇ ਵਧੇਗਾ।**

**ਅੰਤ ਵਿਚ ਮੈਂ ਸਰੀ ਦੇ ਸਾਰੇ ਨਿਵਾਸੀਆਂ ਖਾਸ ਕਰ ਇੰਡੋ-ਕੈਨੇਡੀਅਨ ਕਮਿਊਨਿਟੀ ਦੇ ਭਰੋਸੇ ਅਤੇ ਕ੍ਰਿਪਾਲਤਾ ਲਈ ਧੰਨਵਾਦੀ ਹਾਂ ਜਿਨ੍ਹਾਂ ਮੈਨੂੰ ਅਤੇ ਮੇਰੇ ਪ੍ਰਵਾਰ ਨੂੰ ਏਨਾ ਮਾਣ ਦਿਤਾ ਹੈ। ਤੁਹਾਡੀ ਸਾਰਿਆਂ ਦੀ ਸੇਵਾ ਕਰਨ ਦਾ ਮਾਣ ਮੈਨੂੰ ਹਾਸਲ ਹੋ ਸਕਿਆ ਹੈ — ਆਪਣੇ ਆਪ ਵਿਚ ਇਹ ਮੇਰਾ ਆਪਣਾ ਵੀ ਮਾਣ ਹੈ।**

**ਤੁਹਾਡਾ ਸਾਰਿਆਂ ਦਾ,**

Don. A. Ross

**ਡੌਨ ਰੌਸ**
**ਮੇਅਰ**

# ਸਰੀ ਦਾ ਚੰਗਾ ਮੇਅਰ ਏਕੇ ਅਤੇ ਨਿਰਵਿਘਨਤਾ ਨੂੰ ਸਮਝਦਾ ਹੈ .....

## ਨਾ ਕਿ ਟਕਰਾਅ ਅਤੇ ਰੌਲੇ ਗੌਲੇ ਨੂੰ !

ਚੰਗੀ ਮਿਉਂਸਪਲ ਸਰਕਾਰ ਨੂੰ ਚਲਾਉਣ ਲਈ ਅਜਿਹੇ ਮੇਅਰ ਅਤੇ ਕੌਂਸਲ ਦੀ ਲੋੜ ਹੈ ਜੋ ਏਕਤਾ ਦੀ ਲੋੜ ਨੂੰ ਸਮਝਣ। ਏਕਾ ਸਾਰੀਆਂ ਪਾਰਟੀਆਂ ਦਾ ਹੋਵੇ .... ਏਥੇ ਰਹਿਣ ਵਾਲੇ ਵਸਨੀਕਾਂ ਦਾ, ਵਪਾਰਕ ਗਰੁੱਪਾਂ ਦਾ, ਕਮਿਊਨਿਟੀ ਦਾ ਅਤੇ ਘੱਟ ਗਿਣਤੀ ਸੰਸਥਾਵਾਂ ਦਾ, ਦੂਜੇ ਪੱਧਰ ਦੀਆਂ ਸਰਕਾਰਾਂ ਦਾ — ਉਨ੍ਹਾਂ ਮਰਦਾਂ ਅਤੇ ਔਰਤਾਂ ਦਾ ਜੋ ਵੱਖ ਵੱਖ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਲਈ ਚੁਣੇ ਜਾਂਦੇ ਹਨ। ਏਕੇ ਦਾ ਵਾਤਾਵਰਣ ਉਸਾਰਨ ਲਈ ਅਜਿਹੀ ਲੀਡਰਸ਼ਿਪ ਦੀ ਲੋੜ ਹੈ ਜਿਸ ਕੋਲ ਕੇਵਲ ਲੰਮਾ ਤਜਰਬਾ ਹੀ ਨਾ ਹੋਵੇ ਸਗੋਂ ਪਬਲਿਕ ਸੇਵਾ ਵੀ ਨਿਰਵਿਘਨਤਾ ਨਾਲ ਕਰਦੀ ਆਈ ਹੋਵੇ।

**ਪਾਲ ਈਸਟਨ** ਅਜਿਹਾ ਵਿਅਕਤੀ ਹੈ ਜਿਸਨੂੰ ਏਕਤਾ ਵਾਲੀ ਲੀਡਰਸ਼ਿਪ ਦਾ ਪਤਾ ਹੈ। ਉਹ ਤਜਰਬੇਕਾਰ, ਹੰਢਿਆ ਐਲਡਰਮੈਨ ਹੈ ਜਿਸਨੇ ਲੋਕਾਂ ਨਾਲ ਕੰਮ ਕਰਕੇ ਬੇਮਿਸਾਲ ਸੇਵਾ ਦਾ ਰੀਕਾਰਡ ਕਾਇਮ ਕੀਤਾ ਹੈ। ਪਾਲ ਈਸਟਨ ਅਤੇ ਸਰੀ ਮਿਉਂਸਪਲ ਇਲੈਕਟਰਜ਼ ਦੀ ਟੀਮ ਦੇ ਐਲਡਰਮੈਨਾਂ ਅਤੇ ਸਕੂਲ ਟਰੱਸਟੀਆਂ ਨੇ ਸਰੀ ਦੇ ਸਾਰੇ ਵਾਸੀਆਂ ਲਈ ਏਕਤਾ ਰਾਹੀਂ ਠੋਸ ਕੰਮ ਕਰਨ ਦਾ ਸਬੂਤ ਦਿੱਤਾ ਹੈ।

**ਪਾਲ ਈਸਟਨ** ਇਕ ਚੰਗੀ ਮਿਉਂਸਪਲ ਸਰਕਾਰ ਦੇਣ ਲਈ ਵਚਨਬੱਧ ਹੈ ਅਸਲ ਵਿਚ ਉਹ ਇਕੱਲਾ ਹੀ ਮੇਅਰ ਲਈ ਅਜਿਹਾ ਉਮੀਦਵਾਰ ਹੈ ਜਿਸ ਨੇ ਆਪਣੇ ਰਾਜਸੀ ਤਜਰਬੇ ਨੂੰ ਸਰਕਾਰ ਵਿਚ 'ਉਚੀ ਥਾਂ' ਲੈਣ ਲਈ ਨਹੀਂ ਵਰਤਿਆ ਜਦਕਿ ਦੂਜੇ ਉਮੀਦਵਾਰਾਂ ਨੇ ਇਹ ਦਿਖਾ ਦਿੱਤਾ ਹੈ ਕਿ ਉਹ ਸਰੀ ਨੂੰ ਉਚੀ ਪੌੜੀ ਚੜ੍ਹਨ ਲਈ ਵਰਤਣਾ ਚਾਹੁੰਦੇ ਹਨ। ਪਾਲ ਈਸਟਨ ਦੀ ਦਿਲੀ ਇੱਛਾ ਹੈ ਕਿ ਉਹ ਸਰੀ ਦਾ ਚੰਗਾ ਮੇਅਰ ਬਣੇ।

**21 ਨਵੰਬਰ, 1987 ਸ਼ਨਿਚਰਵਾਰ ਨੂੰ ਪਾਲ ਈਸਟਨ** ਅਤੇ ਉਸਦੀ ਐਸ. ਐਮ. ਈ. ਦੀ ਟੀਮ ਦੇ ਐਲਡਰਮੈਨਾਂ ਅਤੇ ਸਕੂਲ ਟਰੱਸਟੀਆਂ ਨੂੰ ਵੋਟ ਪਾਓ। ਕਿਉਂਕਿ ਸਾਡੀ ਏਕਤਾ ਨਾਲ ਹੀ ਸਰੀ ਵਿਚ ਨਿਰਵਿਘਨਤਾ ਜਾਰੀ ਰਹੇਗੀ ਤੇ ਸਮਾਜਕ, ਆਰਥਿਕ ਤੌਰ ਉਤੇ ਮਾਣ ਅਤੇ ਇਜ਼ਤ ਨਾਲ ਵਾਧਾ ਹੋਵੇਗਾ।

ਪਾਲ ਈਸਟਨ ਨੂੰ ਮੇਅਰ ਲਈ ਵੋਟ ਪਾਓ ਤੇ ਐਸ. ਐਮ. ਈ. ਸਲੇਟ ਜਿਤਾਓ

**ਇੰਡੋ-ਕੈਨੇਡੀਅਨ ਕਮਿਊਨਿਟੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੀ ਵਧਾਈ ਹੋਵੇ।**



# ਸਰੀ ਦੇ ਮੇਅਰ ਲਈ —
# ਪਾਲ ਈਸਟਨ



Re-elect
**BILL FOMICH**
Alderman



Re-elect
**JUDY HIGGINBOTHAM**
Alderman



Elect
**RENI MASI**
Alderman



Elect
**SAM STEVENS**
Alderman



Elect
**RON MAINE**
Alderman
(For 1 Year Term)



Elect
**JIM FOWLER**
School Trustee



Re-elect
**PAM LEWIN**
School Trustee

**ਮੇਅਰ ਲਈ ਪਾਲ ਈਸਟਨ ਅਤੇ ਉਸਦੀ ਐਸ. ਐਮ. ਈ. ਸਲੇਟ ਨੂੰ ਵੋਟ ਪਾਓ**
**ਜੋ ਕਿ ਤੁਹਾਡੇ ਲਈ ਵੀ ਚੰਗਾ ਹੈ ਤੇ ਸਰੀ ਲਈ ਵੀ**

**ਜਾਣਕਾਰੀ ਲਈ ਫੋਨ ਕਰੋ : 590-7067**

Vote Paul Easton For Mayor and his S.M.E. Team. Good For You. Good For Surrey.

**CAMPAIGN HEADQUARTERS**
**590-7067**

SME

# GOOD FOR YOU, GOOD FOR SURREY!

# The Manitoba Mirror

# ਮੈਨੀਟੋਬਾ ਦਰਪਣ


## V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

**ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ੍ਰੀਦੋ**

**ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ**

**V.I.P. SUPERMARKET**
739, Elice Ave. WINNIPEG, MAN.





**ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਫੈਸ਼ਨਾਂ ਅਤੇ ਡੀਜ਼ਾਈਨਾਂ ਦਾ ਇਕੋ ਇਕ ਸਟੋਰ ਜਿਥੇ ਤੁਹਾਨੂੰ ਹਰ ਸਮੇਂ ਮਿਲਦੇ ਹਨ :**

- ਪੰਜਾਬੀ ਸੂਟ, ਇਕ ਪੀਸ, ਦੋ ਪੀਸ ਅਤੇ ਤਿੰਨ ਪੀਸ
- ਹਰ ਤਰ੍ਹਾਂ ਦੀਆਂ ਜਾਪਾਨੀ ਅਤੇ ਇੰਡੀਆਂ ਦੀਆਂ ਸਾੜ੍ਹੀਆਂ
- ਵਿਆਹ ਸ਼ਾਦੀਆਂ ਦਾ ਪੂਰਾ ਪੂਰਾ ਸਮਾਨ
- ਧਾਰਮਿਕ ਫੋਟੋਆਂ ਵੱਖ ਵੱਖ ਸਾਈਜ਼ਾਂ ਵਿਚ
- ਕਢਾਈ ਵਾਲੇ ਦੁੱਪਟੇ ਅਤੇ ਫੁਲਕਾਰੀ ਟਾਂਕੇ ਦੇ ਦੁੱਪਟੇ
- ਵਿਆਹ ਵਾਲੀਆਂ ਸਪੈਸ਼ਲ ਸਾੜ੍ਹੀਆਂ ਅਤੇ ਜਾਲ ਵਾਲੇ ਦੁੱਪਟੇ
- ਰੁਮਾਲਿਆਂ ਦੇ ਕੱਪੜੇ, ਗੋਟੇ ਕਨਾਰੀਆਂ ਚਿਕਨ ਦੇ ਦੁੱਪਟੇ ਆਦਿ

**ਆਓ ਤੇ ਅਜ਼ਮਾ ਕੇ ਦੇਖੋ !**



## BOMBAY FASHIONS

724 SARGENT AVE., WINNIPEG, MANITOBA R3E 0B2

**Prop. BALDEV S. BEDI** M.A.B.A. (Hons.)



## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ੍ਰੀਦਣ ਲਈ



**ਰਾਜ ਸਿੰਘ ਮਾਨ**

ਜਾਂ

**ਸੁਖਜਿੰਦਰ ਸਿੰਘ ਢਿੱਲੋਂ**

ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities



**Sukhjinder S. Dhillon**
**Res: 669-2573**

**Ph. 943-1526**

1507 - 330 Portage Ave. WINNIPEG, MAN. R3C 0C4

**Raj Singh Maan** Sales Manager
**Res. 694-0731**
Commissioner for oaths



# ਸਾਹਿਤ ਤੇ ਕਲਾ



ਕਹਾਣੀ

## ਮੁਹੱਬਤ ! ਇਨਸਾਨੀਅਤ !!

ਚੰਦਨ ਨੇਗੀ

"ਵਹੀ - ਤੇਗ਼ ! ਤੂੰ ਕਿਧਰ ?" ਤੇ ਸਲੇਟੀ ਰੰਗ ਦੀ ਸਾਵੀ ਝੰਡੀ ਵਾਲੀ ਮੋਟਰ ਝ-ਗੋਂ-ਅ ਕਰਦੀ ਸਾਡੇ ਕੋਲ ਆਣ ਖਲੋਤੀ। ਗੋਰਾ, ਚਿੱਟਾ, ਲੰਮਾ, ਭਰਵਾਂ ਜਿਸਮ ਤੇ ਉਸ ਆਦਮੀ ਨੇ ਪਾਪਾ ਜੀ ਨੂੰ ਕਲਾਵੇ ਵਿਚ ਭਰ ਲਿਆ। ਇਕ ਘੁਟ ਮਿਲਣੀ ਦੀਆਂ ਚਾਰੋਂ ਬਾਹਵਾਂ ਕਿੰਨੀ ਦੇਰ ਵੱਖ ਨਾ ਹੋਈਆਂ। ਮੈਂ ਤੇ ਜਸ ਜੀ ਹੈਰਾਨ ਸਾਂ, ਮੋਟਰ ਵਿਚ ਬੈਠੀਆਂ ਦੋ ਬੱਚੀਆਂ ਹੈਰਾਨ ਵੀ ਸਨ ਤੇ ਗੜ੍ਹਾਕੇ ਮਾਰ ਮਾਰ ਹੱਸ ਰਹੀਆਂ ਸਨ। ਫੇਰ ਉਨ੍ਹਾਂ ਦੇ ਮੂੰਹਾਂ ਦਾ ਰੰਗ ਫੱਕ ਹੋ ਗਿਆ "ਬਾ ਜੀ — ਬਾ ਜੀ — ਜ਼ੋਏ ਜ਼ਾਲਿਮ ... ਬਾ ਜੀ ... ਅੱਬਾ ... ਬੜੇ ਅੱਬਾ ..." ਤੇ ਛੋਟੀ ਜਿਹੀ ਬੱਚੀ ਘਬਰਾ ਰਹੀ ਸੀ ਬੱਚੀਆਂ ਦੀ ਗੱਲ ਸੁਣ ਜਾ ਚਾਰ ਬਾਹਵਾਂ ਦੀ ਜਕੜ ਦੇਖ ਮੇਰੀਆਂ ਵੀ ਅੱਖਾਂ ਭਰ ਆਈਆਂ।

"ਤੂੰ ਕੰਬਖਤਾ ਖਤ ਹੀ ਲਿਖ ਦੇਂਦੋ"

"ਤੂੰ ਜ਼ਰਾ ..."

"ਖੰਜ਼ੀਰ — ਹਲਾ ਦਸ — ਇਹ ਕਾਕੀ ਏ ਆਪਣੀ ?"

ਤੇ ਪਾਪਾ ਜੀ ਨੂੰ ਜਿਵੇਂ ਸਾਡੀ ਹੋਂਦ ਭੁੱਲ ਹੀ ਗਈ ਹੋਵੇ। ਉਹ ! ਹਾਂ ਮੇਰਾ ਦਾਮਾਦ — ਕਾਕੀ।"

"ਇਹ ਵੀ ਮੇਰਾ ਜਿਗਰੀ ਦੋਸਤ — ਅਬਦੁਲ ਕਾਯੂਮ — ਤੇ ਇਹਨਾਂ ਝੁਕ ਕੇ ਹੱਥ ਮਿਲਾਂਦੇ ਉਸ ਦੇ ਚਿਹਰੇ ਵੱਲ ਭਰਵੀਂ ਨਜ਼ਰ ਨਾਲ ਤੱਕਿਆ।

ਮੈਂ ਹੈਰਾਨ ਪਰੇਸ਼ਾਨ ਖਲੋਤੀ ਕਦੇ ਬੱਚੀਆਂ ਦੇ ਚਿਹਰਿਆਂ ਨੂੰ ਤੱਕ ਰਹੀ ਸਾਂ। ਉਨ੍ਹਾਂ ਦਾ ਸਾਹ ਜਿਵੇਂ ਘੁਟਿਆ ਗਿਆ ਹੋਏ ਤੇ ਕਦੇ ਅਬਦੁਲ ਕਾਯੂਮ ਤੇ ਪਾਪਾ ਜੀ ਦੇ ਖੁਸ਼ੀਆਂ ਤੇ ਮਿਲਾਪਾਂ ਭਰੇ ਚਿਹਰਿਆਂ ਵਲ।

"ਚਲ ਬੈਠ ਮੋਟਰ ਵਿਚ — ਕਾਕੀ ਵੀ ਨਾਲ ਏ ਤੇ ਸਰਦਾਰ ਸਾਹਿਬ ਬੀ" ਉਨ੍ਹਾਂ ਪਾਪਾ ਜੀ ਦੀ ਬਾਂਹ ਮੋਟਰ ਵੱਲ ਖਿਚਦੇ ਕਿਹਾ।

ਕੱਲ੍ਹ ਵਿਸਾਖੀ ਏ ਨਾ — ਤੇ ਸ੍ਰੀ ਪੰਜਾ ਸਾਹਬ ਮਨਾਵਾਂਗੇ — ਨਾਲੇ ਜ਼ਰਾ ਸਾਡੇ ਕੋਲ ਤੇ ਪਾਪਾ ਜੀ ਦੀ ਆਵਾਜ਼ ਭਾਰੀ ਹੋ ਗਈ "ਸਾਡੇ ਕੋਲ ਆਪਣੇ ਘਰ — ਆਪਣੇ ਸਹਿਰ ਜਾਣ ਦੀ ਇਜਾਜ਼ਤ ਨਹੀਂ" ਉਨ੍ਹਾਂ ਦੂਜੇ ਪਾਸੇ ਮੂੰਹ ਕਰ ਲਿਆ ਜਿਵੇਂ ਅੱਥਰੂਆਂ ਨੂੰ ਛੰਡਿਆ ਹੋਏ। ਅਬਦੁਲ ਕਾਯੂਮ ਵੀ ਹੋਰ ਕੁਝ ਨਾ ਬੋਲ ਸਕੇ। ਇਕ ਰੁੱਗ ਉਨ੍ਹਾਂ ਦੇ ਸੰਘੇ ਵਿਚ ਅਟਕ ਗਿਆ ਤੇ ਉਹ ਗੱਡੀ ਵਿਚ ਬੈਠ ਗਏ। ਬੱਚੀਆਂ ਦੀ ਜਾਨ ਵਿਚ ਜਾਨ ਆਈ। ਪਾਪਾ ਜੀ ਰੁਮਾਲ ਨਾਲ ਅੱਖਾਂ ਸੁਕਾਣ ਲੱਗ ਪਏ ਤੇ ਫੇਰ ਅਸੀਂ ਉਸ ਦਿਨ ਵਲੀ ਕੰਧਾਰੀ ਵੀ ਨਾ ਚੜ੍ਹੇ। ਉਸੇ ਚੌਂਕ ਤੋਂ ਜਿਥੇ ਸਲੇਟੀ ਇੰਪਾਲਾ ਮੋਟਰ ਰੁਕੀ ਸੀ ਉਥੋਂ ਹੀ ਵਾਪਸ ਆ ਗਏ।

ਪੂਰੇ ਪੰਦਰਾਂ ਸਾਲਾਂ ਬਾਅਦ, ਜੰਗ ਤੋਂ ਪਹਿਲਾਂ ਦੀ ਇਕ ਵਿਸਾਖੀ ਯਾਦ ਆ ਗਈ। ਮੈਂ ਸੋਚਦੀ ਹਾਂ ਅਸੀਂ ਵੀ ਪੰਜਾਬੀ, ਉਹ ਵੀ ਪੰਜਾਬੀ। ਇਕੋ ਮਾਂ ਦੇ ਧੀਆਂ ਪੁੱਤਰ। ਪੰਜਾਬ ਉਨ੍ਹਾਂ ਦਾ ਵੀ, ਪੰਜਾਬ ਸਾਡਾ ਵੀ। ਦਰਿਆ ਉਨ੍ਹਾਂ ਦੇ ਵੀ, ਸਾਡੇ ਵੀ। ਹਿੰਦੁਸਤਾਨੀ ਪੰਜਾਬ ਦਾ ਪਾਣੀ ਇਕ ਲੀਕ ਨਾਲ ਪਾਕਿਸਤਾਨੀ ਪਾਣੀ ਬਣ ਜਾਂਦੈ। ਨਾ ਵਾਈ ਆਬੀ ਉਹ ਬਣੇ ਨਾ ਵਾਈ ਆਬੀ ਅਸੀਂ। ਜੰਗਾਂ ਕੁਰਸੀਆਂ ਦੀਆਂ — ਜੰਗਾਂ ਲਹੂ ਦੀਆਂ — ਜੰਗਾਂ ਫੌਜੀ ਸਮਾਨ ਦੀਆਂ। ਤਬਾਹੀ ਮੁਲਕਾਂ ਦੀ, ਮੁਲਕ ਦੇ ਲੋਕਾਂ ਦੀ ਤੇ ਜੰਗ ਤੋਂ ਪਹਿਲਾਂ ਪੰਜਾ ਸਾਹਿਬ ਮਨਾਈ ਹੋਈ ਵਿਸਾਖੀ ਦੀ ਯਾਦ, ਅਬਦੁਲ ਕਾਯੂਮ ਦੀ ਯਾਦ, ਰਜ਼ੀਆ ਭੂਆ ਦੀ ਯਾਦ, ਪਿੱਠ ਤੇ ਪਿਆਰ ਦੇ ਹੱਥ ਫੇਰਦੀ ਅੰਮੀ ਦੀ ਯਾਦ ਤੇ ਸਾਰੀਆਂ ਯਾਦਾਂ ਨੇ ਘੁੰਮਣਘੇਰੀ ਵਿਚ ਘੇਰ ਲਿਆ। ਸੋਚਦੀ ਹਾਂ ਜੰਗਾਂ ਤੋਂ ਬਾਅਦ ਵੀ ਕੀ ਉਹੋ ਜਿਹਾ ਪਿਆਰ ਮਿਲੇਗਾ ? ਉਹੀ ਘੁਟ ਮਿਲਣੀਆਂ, ਚਾਹਾਂ, ਮਲਾਰ ਤੇ "ਇਨਸ਼ਾਹ ਅੱਲਾਹ ਇਕੱਠੇ ਬੈਠਣ" ਦੀਆਂ ਦੁਆਵਾਂ ਮੰਗੀਆਂ ਜਾਣਗੀਆਂ।

ਲਾਹੌਰ ਦੇ ਪਲੇਟ ਫਾਰਮ ਉਤੇ ਪੈਰ ਰਖਿਆ ਹੀ ਸੀ ਕਿ ਗਜ਼ ਗਜ਼ ਲੰਮੇ ਗੁਲਾਬ ਦੇ ਹਾਰਾਂ ਨਾਲ ਸਾਡੇ ਗਲੇ ਭਰੇ ਗਏ। ਦੇਖ ਰਹੀ ਸਾਂ ਚਿੱਟੀਆਂ, ਭੂਰੀਆਂ, ਸਲੇਟੀ ਦਾੜ੍ਹੀਆਂ ਵਾਲੇ ਅਧਖੜ ਤੇ ਬੁਢਿਆਂ ਨੂੰ, ਜੱਫੀਆਂ ਪਾ ਰਹੇ ਸਨ। ਕਿਸੇ ਦਾ ਕੋਈ ਆਪਣਾ, ਕੋਈ ਦੋਸਤ, ਕੋਈ ਮਿੱਤਰ। ਪਾਪਾ ਜੀ ਦੇ ਦੋਸਤ ਖਾਨ ਸਾਹਿਬ, ਉਨ੍ਹਾਂ ਦੀ ਬੇਗਮ, ਉਨ੍ਹਾਂ ਦੀ ਜਵਾਨ ਬੱਚੀ ਸ਼ਹੀਨ ਤੇ ਕਪਤਾਨ ਮੁਨੀਰ ਸਾਰੇ ਹੀ ਧਾ ਕੇ ਮਿਲੇ। ਹਾਰਾਂ ਤੇ ਸਿਹਰਿਆਂ ਨਾਲ ਸਾਡੇ ਕਲਾਵੇ ਭਰੇ ਗਏ, ਗਲੇ ਭਰੇ ਗਏ। ਅੰਮੀ ਨੇ ਬੜਾ ਪਿਆਰ ਕੀਤਾ, ਇਕ ਮਾਂ ਵਾਲਾ ਹੱਥ ਮੇਰੀ ਪਿੱਠ ਉਤੇ ਫਿਰਦਾ ਰਿਹਾ। ਇਕ ਦੂਜੇ ਨੂੰ ਸਾਰੇ ਹੀ ਭਰ ਭਰ ਅੱਖਾਂ ਦੇਖਦੇ ਰਹੇ ਤੇ ਖਾਨ ਸਾਹਿਬ ਪਾਪਾ ਜੀ ਨੂੰ ਕਹਿ ਰਹੇ ਸਨ, "ਖੰਜ਼ੀਰਾ — ਮੈਨੂੰ ਪਤਾ ਲਗਿਐ — ਤੂੰ ਦੋ ਵਿਸਾਖੀਆਂ ਪਹਿਲਾਂ ਵੀ ਆਇਆ ਸੈ ... ?" ਕਿੰਨੀ ਸੋਹਣੀ ਬੋਲੀ ਬੋਲਦੇ ਸਨ — ਮੇਰੀ ਆਪਣੀ ਮਾਂ ਦੀ ਬੋਲੀ — ਜਿਵੇਂ ਉਨ੍ਹਾਂ ਦੇ ਮੂੰਹਾਂ 'ਚੋਂ ਫੁੱਲ ਕਿਰਦੇ ਹੋਣ। ਮੈਂ ਨਿਹਾਰ ਰਹੀ ਸਾਂ ਸਾਰਿਆਂ ਨੂੰ, ਹਰ ਨੈਣ ਨੂੰ, ਹਰ ਨਕਸ਼ ਨੂੰ। ਸੋਹਣੇ ਸੋਹਣੇ ਨਕਸ਼, ਮੋਟੇ ਮੋਟੇ ਨੈਣ ਜਿਵੇਂ ਸਾਰੀ ਦੁਨੀਆਂ ਦਾ ਸੁਹੱਪਣ ਉਨ੍ਹਾਂ ਆਪਣੇ ਵਿਚ ਸਮੇਟ ਲਿਆ ਹੋਏ। ਦੋ ਬੁਰਕੇ ਵਾਲੀਆਂ ਜ਼ਨਾਨੀਆਂ ਅੰਮੀ ਜੀ ਨੂੰ ਪੁਛਣ ਲੱਗੀਆਂ, "ਸਰਦਾਰਨੀ ਜੀ, — ਕੁਝ ਦੁੱਪਟੇ ਤੁਸਾਂ ਆਂਦੇ ਹੋਣ — ? ਕੋਈ ਵੇਚਣੇ ਹੋਣ ..." ਤੇ ਸਾਰੇ ਦੇ ਸਾਰੇ ਹੱਸ ਪਏ। ਇਕ ਜ਼ੋਰ ਦਾ ਹਾਸਾ। ਸਾਰਾ ਸਟੇਸ਼ਨ ਜਿਵੇਂ ਹੱਸ ਪਿਆ ਹੋਏ।

ਕੋਈ ਲਾਹੌਰ ਤੋਂ ਨਨਕਾਣੇ ਸਾਹਿਬ ਤੁਰ ਗਿਆ ਤੇ ਕੋਈ ਸਿੱਧਾ ਹਸਨਅਬਦਾਲ। ਅਸੀਂ ਵੀ ਅੰਮੀ ਜੀ ਖਾਨ ਸਾਹਿਬ ਨੂੰ ਵਾਪਸੀ ਉਤੇ ਠਹਿਰਨ ਦਾ ਵਾਇਦਾ ਕਰਕੇ ਹਸਨ-ਅਬਦਾਲ ਸ੍ਰੀ ਪੰਜਾ ਸਾਹਿਬ ਵਲ ਰਵਾਨਾ ਹੋ ਗਏ। ਹਰ ਸਟੇਸ਼ਨ ਉਤੇ ਲੋਕਾਂ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ — ਕਈਆਂ ਦੇ ਨਾਂ ਪੁਕਾਰੇ ਜਾ ਰਹੇ ਸਨ — "ਕੋਈ ਗੁਜਰਾਂ ਵਾਲੇ ਦਾ ਭਰਾ ਹੈ — ਗੱਡੀ ਵਿਚ ਕੋਈ ਮੇਰੀ ਵਤਨੀ — ਪੋਠੋਹਾਰੀ — ਕੋਈ ਰਾਵਲਪਿੰਡੀ ਦਾ — ਕੋਈ ਪਿਸ਼ੌਰ ਦਾ —" ਸਟੇਸ਼ਨ ਤਾਂ ਪਤਾ ਨਹੀਂ ਕਿਹੜਾ ਸੀ। ਪਰ ਆਵਾਜ਼ ਨੇ ਮੇਰੀ ਸੁੱਤੀ ਹੋਈ ਦੀ ਜਾਗ ਖੋਹਲ ਦਿੱਤੀ। "ਲਾਲੇ ਮੂਸੇ ਦੇ ਗੁਰਚਰਨ ਸਿੰਘ ਨੂੰ ਕੋਈ ਸਿਹਾਣਦਾ ਹੋਏ —" ਮੈਂ ਗੁਜਰਾਂ ਵਾਲੇ ਨਾਨਕਪੁਰੇ ਦਾ ਅਫ਼ਜ਼ੇਲ ਬੇਗ ਹਾਂ ... ਏਡਾ ਪਿਆਰ ਏਡਾ ਸਤਿਕਾਰ ...? ਮੈਂ ਦੇਖਿਆਂ ਸਾਰੀ ਰਾਤ ਸ਼ਾਇਦ ਜਾਗਦੇ ਰਹੇ ਸਨ ਔਹ ਲੋਕ ਕਿਸੇ ਗੁਜਰਾਂ ਵਾਲੀਏ ਨੂੰ ਮਿਲਣ ਲਈ, ਵਤਨੀ ਨੂੰ ਜੱਫੀ ਪਾਉਣ ਲਈ। ਮੈਨੂੰ ਲਗਦਾ ਸੀ ਇਨ੍ਹਾਂ ਨੂੰ ਉਹ ਦਿਨ ਯਾਦ ਨੇ ਪਿਆਰ ਭਾਈਚਾਰੇ ਦੇ ਦਿਨ, ਦੋਸਤੀ ਯਾਰੀ ਦੇ ਦਿਨ।

ਗੱਡੀ ਹਸਨ ਅਬਦਾਲ ਸ੍ਰੀ ਪੰਜਾ ਸਾਹਿਬ ਸਟੇਸ਼ਨ ਉਤੇ ਜਾ ਖੜੀ ਹੋਈ। ਸਾਹਮਣੇ ਵਾਲੀ ਕੰਧਾਰੀ ਦੀ ਪਹਾੜੀ ਉਂਝ ਹੀ ਸਥਿਰ ਖੜੀ ਸੀ। ਟਾਂਗਿਆਂ ਗੱਡਿਆਂ ਦੀਆਂ ਕਤਾਰਾਂ ਹੀ ਕਤਾਰਾਂ ਭੀੜ ਹੀ ਭੀੜ। ਹਰ ਟਾਂਗੇ ਦੀ ਦੌੜ ਸੀ, ਹਰ ਬਲਦ ਨੂੰ ਦੌੜਨ ਲਈ ਚਾਬਕ ਪੈ ਰਹੀ ਸੀ। ਕਿੰਨਾ ਉਤਸ਼ਾਹ ਕਿੰਨਾ ਚਾਅ ? ਪਤਾ ਨਹੀਂ ਹਰ ਗੱਡੇ ਨੇ ਕਿੰਨੇ ਫੇਰੇ ਕੀਤੇ ਹਰ ਟਾਂਗੇ ਵਾਲੇ ਨੇ ਕਿੰਨੀਆਂ, ਸਵਾਰੀਆਂ ਕਿੰਨਾ ਸਮਾਨ ਲੱਦਿਆ। ਸਾਰਾ ਪੰਜਾਬ, ਪਿਸ਼ਾਵਰ ਤੋਂ ਦਿੱਲੀ ਤੱਕ ਦੀਆ ਬੋਲੀਆਂ ਪਿਆਰੀ ਪਿਆਰੀ ਪੋਠੋਹਾਰੀ, ਜਿਵੇਂ ਸਾਰੀਆਂ ਨੇ ਹਸਨ ਅਬਦਾਲ ਸਟੇਸ਼ਨ ਉਤੇ ਇਕੱਠਿਆਂ ਹੀ ਝੁਰਮਟ ਪਾ ਲਿਆ ਹੋਏ। ਗੁਰਦੁਆਰਾ ਪੰਜਾ ਸਾਹਿਬ ਦੀ ਵੱਡੀ ਪੱਤੀ ਨਾਲ ਬਜ਼ਾਰ ਵਿਚ ਵਿਦੇਸ਼ੀ ਮਾਲ ਖਰੀਦਣ ਵਾਲਿਆਂ ਦੀ ਭੀੜ ਲੱਗੀ ਹੋਈ ਸੀ। ਪੱਤੀ ਅੰਦਰ ਵੜਦੇ ਹੀ ਲੋਕ ਹੀ ਲੋਕ ਚੌਹੀਂ ਪਾਸੀਂ, ਕਮਰਿਆਂ 'ਚ, ਵਰਾਂਡਿਆਂ 'ਚ, ਰਸਤੇ 'ਚ ਤੇ ਸਰੋਵਰ ਦੇ ਆਸੀਂ ਪਾਸੀਂ ਵਗਦੇ ਕੋਠਿਆਂ 'ਚ ਡਬਾ ਡਬ ਕਪੜੇ ਕੁੱਟਣ ਦੀ ਆਵਾਜ਼, ਆਵਾਜਾਈ ਤੇ ਮੈਨੂੰ ਲੱਗਿਆ ਜਿਵੇਂ ਅਸੀਂ ਕਿਸੇ ਦੂਸਰੇ ਮੁਲਕ 'ਚੋਂ ਨਹੀਂ ਆਏ। ਨੇੜੇ ਰਾਵਲਪਿੰਡੀ, ਪਿਸ਼ੌਰ ਤੇ ਹਰ ਪੂਰਨਮਾਸ਼ੀ ਵਿਸਾਖੀ ਨੂੰ ਗੱਡੀਆਂ ਭਰ ਪੰਜਾ ਸਾਹਿਬ ਆਉਂਦੀਆਂ ਸਨ ਤੇ ਬਿਨਾਂ ਕਿਸੇ ਝਿਜਕ ਸ਼ਰਮ ਦੇ ਮੈਂ ਤੇ ਮੇਰੀਆਂ ਸਹੇਲੀਆਂ ਸਰੋਵਰ ਵਿਚ ਨਹਾਉਂਦੀਆਂ ਸਾਂ ਤੇ ਕੋਠਿਆਂ ਵਿਚ ਪਾਣੀ ਉਛਾਲਦੀਆਂ ਕਿੰਨੀ ਕਿੰਨੀ ਦੇਰ ਖੇਡਦੀਆਂ ਰਹਿੰਦੀਆਂ ਸਾਂ। ਸਾਨੂੰ ਕੀਰਤਨ ਸੁਣਨ, ਨਹਾਉਣ ਤੇ ਵੱਡੀਆਂ ਵੱਡੀਆਂ ਲੋਹਾਂ ਉਤੇ ਫੁਲਕੇ ਪਕਾਉਣ ਦਾ ਸ਼ੌਕ ਸੀ ਤੇ ਬਸ।

ਤੇ ਮੈਨੂੰ ਲੱਗਿਆ ਅਸੀਂ ਨਾ ਕੋਈ ਦੀਵਾਰ ਟੱਪੀ ਏ ਤੇ ਨਾ ਕੋਈ ਦੇਖੀ ਏ — ਨਾ ਸਾਨੂੰ ਕਸਟਮ ਉਤੇ ਘੰਟਿਆਂ ਬੱਧੀ ਖਲੋਣਾ ਪਿਐ ਤੇ ਨਾ ਅਸੀਂ ਮਹਿਮਾਨ ਹਾਂ। ਨਹਾ ਧੋ ਕੇ ਅਸੀਂ ਰਾਵਲ ਪਿੰਡੀ ਰਜ਼ੀਆ ਭੂਆ ਨੂੰ ਮਿਲਣ ਚਲੇ ਗਏ। ਬਸ ਅੱਡੇ ਉਤੇ, ਬਸ ਵਿਚ ਵਡੇ ਅਧਖੜ ਝੁਕ ਕੇ ਹੱਥ ਮਿਲਾਂਦੇ, ਗੱਲਾਂ ਕਰਦੇ, ਰਾਜ਼ੀ ਬਾਜ਼ੀ ਪੁਛਦੇ ਸਨ। ਜਵਾਨ ਹੱਥ ਮਿਲਾ ਕੇ ਖੁਸ਼ ਆਮੀਦ ਕਹਿੰਦੇ ਸਨ ਤੇ ਬੱਚੇ ਦੂਰੋਂ ਹੀ ਹੈਰਾਨੀ ਨਾਲ ਦੇਖਦੇ ਸਨ।

ਰਾਵਲ ਪਿੰਡੀ ਰਾਜਾ ਬਾਜ਼ਾਰ 'ਚੋਂ ਗਲੀ ਵਿਚ ਮੁੜਦੇ ਹੀ ਸਾਰੇ ਘਰਾਂ ਵਿਚ ਪਤਾ ਲਗ ਗਿਆ ਗਲੀ ਵਿਚ ਸਿਖ ਆਏ ਨੇ ਦੋ ਸਿੱਖ ਤੇ ਇਕ ਜ਼ਨਾਨੀ। ਛੋਟੀਆਂ ਬੱਚੀਆਂ ਬੱਚੇ ਬੂਹਿਆਂ ਤੇ ਖਲੋ ਗਏ, ਜ਼ਨਾਨੀਆਂ ਬਾਰੀਆਂ ਦੇ ਪਰਦਿਆਂ ਪਿਛੋਂ ਝਾਤੀਆਂ ਮਾਰਨ ਲੱਗ ਪਈਆਂ। ਬੁੱਢੀਆਂ ਦੁੱਪਟੇ ਠੀਕ ਕਰਦੀਆਂ ਗਲੀਆਂ ਵਿਚ ਆ ਗਈਆਂ ਰਜ਼ੀਆ ਭੂਆ ਵੀ ਬਾਰੀ ਦੇ ਪਰਦੇ ਪਿਛੋਂ ਗਲੀ ਵਿਚ ਆਏ ਮਹਿਮਾਨਾਂ ਨੂੰ ਦੇਖ ਰਹੀ ਸੀ ਤੇ ਮੈਂ ਸੁਣਿਆ "ਤੇਗ ਭਾਪਾ — ਤੇਗ ਭਾਪਾ" ਤੇ ਰਜ਼ੀਆ ਭੂਆ ਦੌੜਦੀ ਗਲੀ ਵਿਚ ਆ ਗਈ। ਭਾਪਾ ਜੀ ਦੇ ਗਲੇ ਨਾਲ ਲੱਗ ਕੇ ਖੂਬ ਰੋਈ — ਖੂਬ ਰੋਈ। ਸਿਰੋਂ ਨੰਗੀ, ਪੈਰੋਂ ਨੰਗੀ ਉਹ ਗਲੀ ਵਿਚ ਖਲੋਤੀ ਸੀ। ਉਸ ਨੂੰ ਜਿਵੇਂ ਯਾਦ ਹੀ ਨਾ ਰਿਹਾ, ਉਸ ਦੇ ਪਤੀ ਦੇ ਅੱਬਾ ਵਿਹੜੇ ਵਿਚ ਬੈਠੇ ਹੁੱਕਾ ਪੀ ਰਹੇ ਸਨ। ਰਜ਼ੀਆ ਭੂਆ ਨੇ ਜਿਵੇਂ ਸਾਡੇ ਸਾਰੇ ਰਿਸ਼ਤੇਦਾਰਾਂ ਦੀ ਡਾਇਰੀ ਖੋਲ੍ਹ ਲਈ। ਇਕ ਇਕ ਦੀ ਉਸ ਵਲ, ਰਾਜ਼ੀ ਬਾਜ਼ੀ ਪੁਛੀ।

"ਕਾਕੀ ਵਲ ਏਂ ?" ਮੈਨੂੰ ਉਸ ਪਛਾਣਿਆ ਹੀ ਨਾ।

"ਇਹ ਕੌਣ ਏਂ ? ਕਾਕੀ ਹੀ ਤਾਂ ਤੇ ਔਹ ਇਸ ਦੇ ਸ਼ੋਹਰ।"

ਹਾਏ ਮੈਂ ਮਰ ਜਾਵਾਂ — ਇਹਡੀ ਵੱਡੀ ਹੋ ਗਈ ਏ — ਤੇ ਸੁਖ ਨਾਲ ਮੈਨੂੰ ਵਿਆਹ ਤੇ ਬੁਲਾਇਆ ਹੀ ਨਹੀਂ। ਰਜ਼ੀਆ ਭੂਆ ਦੀਆਂ ਵਾਛਾਂ ਖਿੜੀਆਂ ਸਨ, ਰਜ਼ੀਆ ਭੂਆ ਦਾ ਜ਼ਮੀਨ ਉਤੇ ਪੈਰ ਨਹੀਂ ਸੀ ਟਿਕਦਾ, ਰਜ਼ੀਆ ਭੂਆ ਖਾਤਰਾਂ ਕਰ ਕਰ ਨਹੀਂ ਸੀ ਰੱਜਦੀ।

ਰਜ਼ੀਆ ਭੂਆ ਮਟਕ ਮਟਕ ਤੁਰਦੀ ਸਾਨੂੰ ਬਜ਼ਾਰ ਲੈ ਗਈ। ਜੁੱਤੀਆਂ ਤਿੱਲੇ ਦੀਆਂ, ਜੁੱਤੀਆਂ ਪੋਠੋਹਾਰੀ ਤੇ ਮੈਂ ਤਾਂ ਤਰੁੱਟ ਕੇ ਜਿਵੇਂ ਇਕੱਠੀਆਂ ਕਰ ਲਈਆਂ। ਬਜ਼ਾਰ 'ਚੋਂ ਲੰਘਦੇ ਇਕ ਬੱਚੇ ਨੇ ਮੇਰੀ ਚੁੰਨੀ ਆ ਫੜੀ, 'ਮੇਰੇ ਅੱਬਾ ਬੁਲਾਂਦੇ ਨੇ' ਮੈਂ ਹੈਰਾਨ ਸਾਂ ਇਹ ਹੈਰਾਨ ਸਨ। "ਸ਼ਾਇਦ ਕੋਈ ਮੇਰਾ ਵਾਕਫ ਕੋਈ ਪਿਸ਼ੌਰੀਆ" ਮੈਂ ਇਨ੍ਹਾਂ ਦਾ ਮੂੰਹ ਦੇਖਾਂ "ਸ਼ਾਇਦ ਕੋਈ ਤੁਹਾਡਾ ਗੁਜਰਾਂ ਵਾਲੀਆ — ਕੋਈ ਸਿਆਲਕੋਟੀਆ" ਤੇ ਉਸ ਬੱਚੇ ਦਾ ਅੱਬਾ ਸਾਡੇ ਕੋਲ ਆ ਗਿਆ "ਮਾਫ਼ ਕਰਨਾ ਤੁਸੀਂ ਦੋਨੋਂ ਮੈਨੂੰ ਬੜੇ ਚੰਗੇ ਲੱਗੇ ਹੋ — "ਐ ਬਾਜੀ — ਮੇਰੀ ਦੁਕਾਨ ਤੇ ਆਉ" ਸਾਨੂੰ ਆਪਣੀ ਦੁਕਾਨ 'ਚ ਲੈ ਗਿਆ। ਲਾਲ ਮਾਲਟਿਆਂ ਦੀ ਭਰੀ ਪਲੇਟ ਉਸ ਸਾਡੇ ਅਗੇ ਲਿਆ ਧਰੀ, ਉਸ ਦੀਆਂ ਅੱਖਾਂ ਡੁਬਡੁਬਾ ਆਈਆਂ — ਨਾਸਾਂ ਫੁੱਲਣ ਲੱਗੀਆਂ — ਆਵਾਜ਼ ਭਾਰੀ ਹੋ ਗਈ — "ਗਲ ਇਹ ਵੇ — ਸਰਦਾਰ ਸਾਹਿਬ — ਮੈਨੂੰ ਇਨ੍ਹਾਂ, ਬਾਜੀ ਨੂੰ ਦੇਖ — ਆਪਣੀ ਇਕ ਭੈਣ ਯਾਦ ਆ ਗਈ ਏ — ਸਾਡੇ ਨਾਲ ਹੀ ਗੁਆਂਢ ਸਰਦਾਰਾਂ ਦੀ ਕੁੜੀ ਤੇ ਮੈਂ ਇਕੱਠੇ ਖੇਡਦੇ ਸੀ ਤੇ ਫੇਰ ਮੈਂ ਉਸ ਨੂੰ ਭੈਣ ਬਣਾ ਲਿਆ —" ਉਸ ਇਕ ਹਉਕਾ ਭਰਿਆ, ਤੇ ਮੇਰੇ ਸਾਹਮਣੇ ਕੁਝ... ਨੇ ਸਾਰੇ ਟੱਬਰ ਨੂੰ ਮਾਰ ਮੁਕਾ ਦਿਤਾ — ਤੁਹਾਨੂੰ ਤੱਕ ਕੇ ਮੈਨੂੰ ਮੇਰੀ ਭੈਣ ਯਾਦ ਆ ਗਈ ਏ" ਰਜ਼ੀਆ ਭੂਆ ਵੀ ਰੋਣ ਲਗ ਪਈ ਮੇਰੀਆਂ ਅੱਖਾਂ ਵੀ ਭਰ ਆਈਆਂ।

ਰਜ਼ੀਆ ਭੂਆ ਨੇ ਕਿੰਨਾ ਹੀ ਨਿਕਸੁਕ ਖਰੀਦਿਆ — ਇਹ ਫਲਾਣੇ ਦਾ ਇਹ — ਉਸ ਦਾ ਤੇ ਬੱਸ ਚੜ੍ਹਾਉਣ ਆਏ ਰਜ਼ੀਆ ਭੂਆ ਦੇ ਪੁੱਤਰ ਨੇ ਪਾਪਾ ਜੀ ਦੇ ਗਲ ਨਾਲੋਂ ਉਸ ਨੂੰ ਜ਼ਬਰਦਸਤੀ ਧਰੀਕਿਆ। "ਫੇਰ ਕਦੋਂ ਮਿਲਸੇਂ ਭਾਪੇ —?" ਉਹ ਰੋਂਦੀ ਰੋਂਦੀ ਪੁਛ ਰਹੀ ਸੀ, "ਇਨਸ਼ਾਹ ਅਲਾ — ਕੋਈ ਦਿਨ ਆਏ ਸਾਰੇ ਉਂਝ ਹੀ ਇਕੱਠੇ ਰਲ ਕੇ ਰਹੀਏ —" ਖੁਸ਼ੀ ਖੁਸ਼ੀ ਰਜ਼ੀਆ ਭੂਆ ਨੂੰ ਮਿਲਣ ਗਏ ਸਾਂ, ਉਦਾਸੀ ਭਰੀ ਦਿਲਾਂ ਨਾਲ ਵਾਪਸ ਆ ਗਏ।

ਸ੍ਰੀ ਪੰਜਾ ਸਾਹਿਬ ਗੁਰਦੁਵਾਰੇ ਅਖੰਡ ਪਾਠ ਜੀ ਦੇ ਭੋਗ, ਕੀਰਤਨ, ਭਾਈ ਲਾਲ ਤੇ ਉਸ ਦੀ ਅੰਸ਼ ਦੇ ਕੀਰਤਨ ਤੋਂ ਪੈਸੇ ਨਿਛਾਵਰ ਕਰਦੀ ਭੀੜ, ਸਾਧ ਸੰਗਤ, ਲੰਗਰ, ਸੇਵਾ ਹਰ ਪਾਸੇ ਲੋਕ, ਹਰ ਪਾਸੇ ਭੀੜ। ਵਲੀ ਕੰਧਾਰੀ ਚੜ੍ਹਦੇ ਲੋਕਾਂ ਦੀਆਂ ਡਾਰਾਂ ਦੀਆਂ ਡਾਰਾਂ, ਅਬਦੁਲ ਕਾਯੂਮ ਪਾਪਾ ਜੀ ਦੇ ਦੋਸਤ ਹੋਰਾਂ ਦੇ ਮਿਲਣ ਸਦਕਾ ਅਸੀਂ ਦੂਜੇ ਦਿਨ ਵਲੀ ਕੰਧਾਰੀ ਵੀ ਨਾ ਗਏ ਤੇ ਕਮਰੇ 'ਚ ਹੀ ਆ ਕੇ ਬੈਠ ਗਏ। ਪਾਪਾ ਜੀ ਤਾਂ ਨਾ ਕੀਰਤਨ ਸੁਣਨ ਗਏ ਨਾ ਲੰਗਰ, ਚੁਪ ਚਾਪ ਲੇਟ ਗਏ। ਪਤਾ ਨਹੀਂ ਕੀ ਸੋਚਦੇ ਰਹੇ।

ਗੁਰਦੁਆਰੇ ਦੇ ਇਕ ਪਾਸੇ ਤਪਦੀਆਂ ਲੋਹਾਂ ਦੇ ਪਿੱਛੇ ਵਾਲੀ ਸਾਰੀ ਸਰਾਂ, ਕੁੜੀਆਂ ਦਾ ਸਕੂਲ ਬਣ ਗਿਆ ਸੀ। ਹਰ ਕਮਰੇ ਦੇ ਬਾਹਰ ਮੋਟੇ ਮੋਟੇ ਉਰਦੂ ਲਫਜ਼ਾਂ ਵਿਚ ਲਿਖੇ ਮਾਟੋ ਦੂਰੋਂ ਹੀ ਪੜ੍ਹੇ ਜਾਂਦੇ ਸਨ। ਇਕ ਬੂਹੇ ਅਗੇ ਮੇਰੀ ਨਜ਼ਰ ਰੁਕ ਗਈ — ਸ਼ਾਇਦ ਪਕੜੀ ਗਈ, "ਮੁਹੱਬਤ ਸਭ ਸੇ ਬੜੀ ਇਨਸਾਨੀਅਤ ਹੈ।" ਮੈਂ ਕਿੰਨੀ ਵਾਰੀ ਪੜ੍ਹਿਆ। "ਮੁਹੱਬਤ — ਇਨਸਾਨੀਅਤ —" ਤੇ ਸਵੇਰੇ ਹੀ ਮਿਲੇ ਅਬਦੁਲ ਕਾਯੂਮ ਦੀ ਮੁਹੱਬਤ, ਲਾਹੌਰ ਸਟੇਸ਼ਨ ਉਤੇ ਮਿਲੇ ਖਾਨ ਸਾਹਿਬ, ਅੰਮੀ ਦੀ ਮੁਹੱਬਤ, ਰਜ਼ੀਆ ਭੂਆ ਦੀ ਸਿੱਕਾਂ ਭਰੀ ਮੁਹੱਬਤ ਤੇ ਮੁਹੱਬਤ ਇਨਸਾਨੀਅਤ ਮੇਰੇ ਦਿਮਾਗ 'ਚ ਘੁੰਮਣ ਘੇਰੀਆਂ ਪਾਉਣ ਲੱਗੀਆਂ। ਇਨਸਾਨਾਂ ਦੀ ਮੁਹੱਬਤ ਕਿੰਨੀ ਪਾਕ ਏ — ਕਿੰਨਾ ਪਿਆਰ, ਸਤਿਕਾਰ ਤੇ — ਇਨਸਾਨੀਅਤ ? ਮੁਹੱਬਤ — ? ਜਿਸ ਨੇ ਦੀਵਾਰਾਂ ਖੜੀਆਂ ਕਰ ਦਿੱਤੀਆਂ ਨੇ — ਮਾਂ ਦੇ ਢਿੱਡ ਨੂੰ ਵੰਡ ਦਿਤਾ ਹੈ — ਮਾਂ ਦੀ ਜੀਭ ਵੰਡੀ ਗਈ ਹੈ। ਭੈਣਾਂ, ਭਰਾ, ਘਰ, ਜ਼ਮੀਨ, ਦਰਿਆ ਸਭ ਵੰਡੇ ਗਏ ਤੇ ਅਸੀਂ ਆਪਣੇ ਗੁਰਦੁਆਰੇ ਮਹਿਮਾਨ ਬਣ ਕੇ ਆਏ। ਦੋ ਦਿਨ ਰਹਿ ਕੇ ਫੇਰ ਵਾਪਸ ਤੁਰ ਜਾਵਾਂਗੇ।

## ਗ਼ਜ਼ਲ

ਡਾ: ਜਗਤਾਰ

ਜਾ ਰਹੀ ਰੁਤ ਮੈਨੂੰ ਇਕ ਪੱਤਾ ਹਰਾ ਹੈ ਦੇ ਗਈ।
ਦੇ ਕੇ ਯਾਦ ਇਕ, ਉਮਰ ਸਾਰੀ ਦੀ ਸਜ਼ਾ ਹੈ ਦੇ ਗਈ।

ਆ ਕੇ ਮਹਿਕੀਲੀ ਹਵਾ, ਤੇਰਾ ਪਤਾ ਹੈ ਦੇ ਗਈ,
ਹੌਸਲਾ ਦਰਦਾਂ ਨੂੰ, ਜ਼ਖਮਾਂ ਨੂੰ ਹਵਾ ਹੈ ਦੇ ਗਈ।

ਕੁਝ ਚਰਾਗ਼ਾਂ ਨੂੰ ਬੁਝਾ ਕੇ ਕਰ ਗਈ ਅੰਨ੍ਹੇ ਹਵਾ,
ਕੁਝ ਚਰਾਗ਼ਾਂ ਨੂੰ ਜਗਾਕੇ ਰਤ-ਜਗਾ ਹੈ ਦੇ ਗਈ।

ਲਖ ਛੁਪਾ, ਲੱਖ ਫੇਰ ਪਾ, ਪਰ ਸਭ ਸਵਾਲਾਂ ਦੇ ਜਵਾਬ,
ਤੇਰੇ ਹੱਥਾਂ ਤੇ ਚੜ੍ਹੀ ਸਜਰੀ ਹਿਨਾ ਹੈ ਦੇ ਗਈ।

ਸਹਿਮ ਏਨਾ ਸੀ, ਕਿ ਦਰ ਖੁੱਲ੍ਹਾ ਨਾ ਪਰਦਾ ਸਰਕਿਆ
ਦਸਤਕਾਂ ਕਿੰਨੀਆਂ ਮੁਸਾਫਿਰ ਤੇ ਹਵਾ ਹੈ ਦੇ ਗਈ।

ਜਾਹ ਕਿਤੇ ਤੇਰਾ ਵੀ ਮੇਰੇ ਵਾਂਗ ਲਗ ਜਾਏ ਨਿਹੁੰ,
ਇਕ ਦੁਆ ਦਰਵੇਸ਼ ਦੀ ਸੋ ਬਦ ਦੁਆ ਹੈ ਦੇ ਗਈ।

## Thinking of Buying or Selling

New Houses, Lots, Building Contracts

**Specializing :**

**Resale New Housing Lot Sales and Farms**



Don't delay call now :

**Hardeep S. Bhangav**

Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਵ ਨੂੰ ਫੋਨ ਕਰੋ

**Ph. Off: 594-4141**

**Pager 438-2333 #1596**

BENCH MARK REALTY CORPORATION

**Bench Mark Realty Corp.**

10 - 6830 King George HWY. Surrey



## ਨਵਾਂ ਘਰ ਵਿਕਾਊ ਹੈ

ਸਰੀ ਦੇ ਵਧੀਆ ਇਲਾਕੇ ਵਿਚ ਨਵਾਂ ਘਰ ਵਿਕਾਊ ਹੈ ਜਿਸ ਵਿਚ ਉਤਲੇ ਹਿੱਸੇ ਵਿਚ ਤਿੰਨ ਬੈੱਡ ਰੂਮ ਹਨ — ਫੈਮਿਲੀ ਰੂਮ ਹੈ। ਬੇਸਮੈਂਟ ਮੁਕੰਮਲ ਹੈ। ਤਿੰਨ ਵਾਸ਼ ਰੂਮ ਹਨ। ਸਕੂਲ, ਬੱਸ ਸਟੈਂਡ ਤੇ ਸ਼ਾਪਿੰਗ ਸੈਂਟਰ ਨਾਲ ਲੱਗਦੇ ਹਨ।

**ਕੀਮਤ ਕੇਵਲ $1,17, 500**

ਹੋਰ ਜਾਣਕਾਰੀ ਲਈ ਫੋਨ ਕਰੋ :—

585-4349

ਜਾਂ 585-3613



# The Manitoba Mirror

# ਮੈਨੀਟੋਬਾ ਦਰਪਣ



## Dino's at the New Location

## ਡੀਨੋਜ਼ ਨਵੀਂ ਥਾਂ ਉਤੇ

# DINO'S GROCERY MART

460 NOTRE DAME AVE. WINNIPEG, MAN. R3B 1R5

**Ph. 942-1526**

**ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ**

ਜੋ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ਼ੀਦਣ ਉਤੇ ਡਿਸਕਾਊਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖ਼ਬਾਰ ਅਤੇ ਰਸਾਲੇ

**ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ**

**ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"**



# GIL'S NEW & USED

## Furniture & Appliances Warehouse

All kinds of New and Used Furniture — Color TV — Stereos — Major Appliances — Refrigerators — —Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼ੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.



# REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



## ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

# ਰਘੁਬੀਰ ਢੰਡ



## (ਜੋਗਾ ਸਿੰਘ)

ਕਦੀ ਕਦੀ ਇਕੱਲਿਆਂ ਬੈਠ ਜਦੋਂ ਵੀ ਉਹਨੂੰ ਚਿਤਵਦਾ ਹਾਂ
ਤਾਂ ਪਤਾ ਨਹੀਂ ਕਿਉਂ ਉਹ 'ਇਕ' ਨਜ਼ਰ ਨਹੀਂ ਆਉਂਦਾ
ਮੋਟੀਆਂ ਰੇਗਿਸਤਾਨੀ ਅੱਖਾਂ
ਲੈਲਾ-ਮਜਨੂੰ ਦੇ ਕਿਸੇ ਵਿਚਲੀ ਮੂਨ ਵਰਗੀਆਂ
ਜੋ ਰੋਹੀਆਂ 'ਚੋਂ ਸਬਜ਼ੇ ਦੀ ਤਲਾਸ਼ ਕਰਦਿਆਂ ਕਰਦਿਆਂ
ਹੋਰ ਵੱਡੀਆਂ ਹੋ ਗਈਆਂ ਨੇ
ਅਫਰੀਕੀਆਂ ਜਿਹੇ ਤਕੜੇ ਚਿੱਟੇ ਦੰਦ
ਤੇ ਉਹਨਾਂ 'ਚੋਂ ਫੁਟਦਾ ਮਲਵਈ ਹਾਸਾ
ਹਲ ਦੀ ਤੀਲੀ ਨੂੰ ਕੂਲਾ ਕਰ ਦੇਣ ਵਾਲੇ
ਮਾਲਵੇ ਦੇ ਜੱਟ ਜਿਹੇ ਪਿਆਰੇ ਹੱਥ
ਇੰਗਲੈਂਡ ਜਿਹੇ ਸੰਘਣੇ ਦੇਸ 'ਚ ਰਹਿੰਦਾ ਵੀ
ਉਹ ਰੋਹੀਆਂ ਦੇ ਜੰਡ ਜਿਹਾ ਲਗਦਾ ਹੈ
ਇੰਗਲੈਂਡ, ਜਿੱਥੇ ਰੋਹੀ ਤਾਂ ਕੀ
ਉਹਦਾ ਸੁਪਨਾ ਵੀ ਕਿਸੇ ਨੂੰ ਨਹੀਂ ਆਉਂਦਾ
ਜਿੱਥੇ ਪਹਿਰ ਦੇ ਤੜਕੇ ਦਾ ਤਸੱਵੁਰ ਹੀ ਨਹੀਂ
ਜਿੱਥੇ ਦਿਨ-ਰਾਤ ਪਹਿਰਾਂ 'ਚ ਨਹੀਂ
ਘੰਟਿਆਂ 'ਚ ਮਿਣੇ ਜਾਂਦੇ ਨੇ
ਜਿੱਥੇ ਸੁੱਤਿਆਂ ਨੂੰ ਜਗਾਉਣ ਲਈ ਸੂਰਜ ਦੀ ਨਹੀਂ
ਟਾਈਮਪੀਸ ਦੇ ਅਲਾਰਮ ਦੀ ਲੋੜ ਪੈਂਦੀ ਹੈ ;
ਜਿੱਥੇ ਇਕ ਟੋਟਾ ਧੁੱਪ ਰੱਬ ਦੀ ਰਹਿਮਤ ਕਹਾਉਂਦੀ ਹੈ;
ਉਥੇ ਧੁੱਪਾਂ ਦੇ ਦੇਸ 'ਚੋਂ ਗਿਆ ਇਹ ਬੰਦਾ
ਆਪਣੇ ਅੰਦਰ ਫੈਲੇ ਰੋਹੀਆਂ ਦੇ ਖਿਲਾਅ ਨੂੰ
ਪਤਾ ਨਹੀਂ ਕਿਵੇਂ ਭਰਦਾ ਹੈ;
ਸ਼ਾਇਦ 'ਕਾਸਮੀ' ਉਹਦੇ ਅੰਗ-ਸੰਗ ਹੈ—
'ਅੰਦਾਜ਼ ਹੂ-ਬ-ਹੂ ਤੇਰੀ ਆਵਾਜ਼ੇ-ਪਾ ਕਾ ਥਾ ।
ਦੇਖਾ ਨਿਕਲ ਕੇ ਘਰ ਸੇ, ਤੋ ਝੋਂਕਾ ਹਵਾ ਕਾ ਥਾ ।'
ਤੇ ਜਦੋਂ ਉਹ ਘਰ ਤੋਂ ਬਾਹਰ ਨਿਕਲ ਕੇ ਦੇਖਦਾ ਹੈ
ਤਾਂ ਠੰਡੀ ਸੀਤ ਹਵਾ ਉਹਦੇ ਫੇਫੜਿਆਂ 'ਚ ਲਹਿ ਜਾਂਦੀ ਹੈ;
ਉਹਨੂੰ ਧੂਹਵੇਂ ਕੰਨੀਦਾਰ ਚਾਦਰਿਆਂ ਵਾਲੇ ਗੱਭਰੂ
ਕਿਧਰੇ ਨਹੀਂ ਦਿਸਦੇ
ਗੱਡੇ ਦੀ ਨਾਭ ਵਰਗੀਆਂ ਧੌਣਾਂ, ਕੌਹਲੂਆਂ ਵਰਗੇ ਵਿੱਢ
ਬੱਗੀਆਂ ਬੋਤਲਾਂ ਜਿਹੇ ਪੱਟ ਤੇ
ਚਰਖੇ ਦੀਆਂ ਗੁੱਡੀਆਂ ਵਰਗੀਆਂ ਪਿੰਜਣੀਆਂ
ਲਾਲ ਪਹੁੰਚੀਆਂ, ਸੱਪ ਰੰਗੀਆਂ ਛੀਟਾਂ, ਸੰਧੂਰੀ ਸਾਫ਼ੇ
ਡੂੰਘੀਆਂ ਢਾਬਾਂ, ਸੰਘਣੇ ਬੰਨੇ
ਖਾਲਾਂ 'ਚ ਸੱਪ ਵਾਂਗ ਵਗਦੇ ਪਾਣੀ
ਖੇਤਾਂ 'ਚ ਸਾਵੀਆਂ ਕਣਕਾਂ ਦੇ ਗਲੀਚੇ
ਹਵਾ ਵਿਚ ਲਹਿਰਾਉਂਦੀਆਂ ਸਰ੍ਹੋਂ ਦੇ ਫੁੱਲਾਂ ਦੀਆਂ ਚੁੰਨੀਆਂ
ਤਿੱਤਰ-ਖੰਭੀਆਂ ਬੱਦਲੀਆਂ, ਕਾਲੀਆਂ ਘਟਾਵਾਂ,
ਸੁਥਰੀਆਂ ਧੁੱਪਾਂ
ਤੇ ਹੋਰ ਪਤਾ ਨਹੀਂ ਕੀ ਕੀ ਕੁਝ
ਉਹਦੇ ਚੇਤੇ ਦਾ ਹਿੱਸਾ ਬਣ ਕੇ ਰਹਿ ਗਿਆ ਹੈ;
ਸ਼ਾਇਦ, 'ਛਣਕਾਰ' ਦਾ ਉਹ ਪਾਤਰ ਉਹ ਖੁਦ ਹੀ ਹੈ
ਜੋ ਇਕ ਹੂਕ ਉਠਣ ਵਾਂਗ ਕਹਿੰਦਾ ਹੈ —
'ਮੇਰੀ ਬੋਲੀ 'ਚੋਂ ਹਾਸ਼ਮ ਮਰਦਾ ਜਾ ਰਿਹੈ
ਤੂੰ ਆਪਣੀ 'ਚੋਂ ਗੁਰਦਿਆਲ ਨੂੰ ਨਾ ਮਰਨ ਦੇਈਂ'
'ਤੁਸੀਂ ਲੋਕ' ਵਿਚਲੀ ਔਰਤ ਦੀ ਧੂ ਵੀ
ਉਸ ਦਾ ਕਲੇਜਾ ਚੀਰ ਕੇ ਨਿਕਲੀ ਹੈ;

... ... ...

ਇਹ ਕਿਹੀ ਹੋਣੀ ਹੈ ਕਿ —
ਉਹਦੀ ਫ਼ਸਲ ਉਹਦੇ ਖੇਤਾਂ 'ਚ ਨਹੀਂ
ਉਹਦੇ ਰੋਮਾਂ 'ਚ ਉਗਦੀ ਹੈ;
ਬਹੁਤ ਭਿਆਨਕ ਹੈ ਇੰਞ ਦਾ ਜੀਉਣਾ;
ਪੈਂਦੀ ਬਰਫ਼ ਨੂੰ ਪਿੜਾਂ ਵੇਲੇ ਦੀ ਖੱਖ 'ਚ ਕਿਵੇਂ ਚਿਤਵੇ;
ਸੁਥਰੀਆਂ ਸੜਕਾਂ ਤੇ ਤੁਰਦਾ
ਕੱਤੇ ਦੇ ਮਹੀਨੇ 'ਚ ਪਹਿਆਂ ਦੀ ਪੀਕ ਬਣੀ ਮਿੱਟੀ ਦਾ
ਤਸੱਵੁਰ ਕਿੰਞ ਕਰੇ;
ਬਹੁਤ ਦੂਰ ਰਹਿ ਗਈ ਹੈ ਗਈ ਰਾਤ ਤਕ ਚਲਦੇ
ਚਰਖਿਆਂ ਦੀ ਘੂਕ
ਹੁਣ ਇੱਕ ਹੂਕ ਰਹਿ ਗਈ ਹੈ
ਜੋ ਉਹਦੇ ਅੰਦਰੋਂ ਉਠ ਕੇ ਅੰਦਰ ਹੀ ਕਿਧਰੇ ਗੁੰਮ ਜਾਂਦੀ ਹੈ
ਤੇ ਉਹ ਮੁਸਾਫ਼ਿਰ-ਰੂਹ ਪੰਛੀ ਇਸ ਹੂਕ ਨੂੰ
ਆਪਣੇ ਵਜੂਦ 'ਚੋਂ ਲੱਭਣ ਦੀ ਕੋਸ਼ਿਸ਼ ਤਾਂ ਕਰਦਾ ਹੈ
ਪਰ ਪਰ-ਕਟੇ ਪੰਛੀ ਵਾਂਗ ਅਹੁਲ ਕੇ ਰਹਿ ਜਾਂਦਾ ਹੈ;

.... .... ....

ਖੇਤਾਂ 'ਚ ਪਕਦੀ ਕਣਕ ਦੀ ਖੁਸ਼ਬੂ ਤੇ ਨਸ਼ਿਆ ਜਾਣ ਵਾਲਾ
ਗਾਂ ਦੇ ਸਾਹ 'ਚੋਂ ਦੁੱਧ ਦੀ ਵਾਸ਼ਨਾ ਮਹਿਸੂਸ ਕਰਨ ਵਾਲਾ
ਹੁਣ ਉਸ ਸ਼ਹਿਰ 'ਚ ਰਹਿੰਦਾ ਹੈ
ਜਿੱਥੇ ਕੁਝ ਵੀ ਉਗਦਾ ਨਹੀਂ
ਸਿਰਫ਼ ਉਗੇ ਹੋਏ ਨੂੰ ਸੁਕਾ ਕੇ ਵੇਚਿਆ ਜਾਂਦਾ ਹੈ
ਮੈਂ ਸੋਚਦਾ ਹਾਂ ਕਿ ਇਸ ਸਭ-ਕੁਝ ਬਿਨਾਂ ਕਿੰਞ ਜੀਉਂਦਾ
ਹੋਵੇਗਾ ਉਹ ;
ਫੱਗਣ 'ਚ ਤਾਂ ਕੂੰਜਾਂ ਵੀ ਆਪਣੇ ਦੇਸ ਪਰਤ ਜਾਂਦੀਆਂ ਨੇ !
ਪਰ ਨਹੀਂ, ਮੈਂ ਹੀ ਭਾਵੁਕ ਹੋ ਗਿਆ ਹਾਂ;
ਉਹ ਤਾਂ ਹੈਮਿੰਗਵੇ ਦਾ ਬੁੱਢਾ ਮਾਹੀਗੀਰ ਹੈ
ਜੋ ਸਮੁੰਦਰ 'ਚ ਦੂਰ ਕਿਧਰੇ ਚਲਾ ਗਿਆ ਹੈ
ਗੁੰਮਿਆ ਨਹੀਂ, ਡੁੱਬਿਆ ਨਹੀਂ
ਉਹ ਤਾਂ ਸਮੁੰਦਰਾਂ ਦੀ ਬੋਲੀ ਜਾਣਦਾ ਹੈ
ਇਕ ਦਿਨ ਸਬੂਤਾ ਪਰਤ ਆਵੇਗਾ;
ਹਾਂ, ਪਰਤ ਆਵੇਗਾ !!
ਮਿੱਟੀ ਦਾ ਮੋਹ ਮਾਂ ਦੇ ਮੋਹ ਤੋਂ ਕਿਤੇ ਵੱਡਾ ਹੁੰਦਾ ਹੈ ।

## ਵਿਅੰਗ

# ਰੇਡੀਓ ਪ੍ਰੋਗਰਾਮ

ਕੇ. ਐਲ. ਗਰਗ



ਮਹਾਂਕਵੀ ਹੋਛਾ ਸਿੰਘ ਹੋਛਾ ਨੂੰ ਜਦੋਂ ਦੀ ਰੇਡੀਓ ਵਾਲਿਆਂ ਦੀ ਚਿੱਠੀ ਆਈ ਹੈ ਉਹ ਜ਼ਮੀਨ 'ਤੇ ਨਹੀਂ ਤੁਰਦੇ, ਹਵਾ 'ਚ ਉਡਦੇ ਹਨ। ਘੜੀ ਮੁੜੀ ਘਰ ਵਾਲੀ ਨੂੰ ਸੁਣਾ ਕੇ ਆਖਦੇ ਹਨ :

"ਤੂੰ ਵੀ ਸਾਨੂੰ ਸਾਰੀ ਉਮਰ ਐਵੇਂ ਕਿਵੇਂ ਸਮਝਦੀ ਰਹੀ ਪਾਟਿਆ ਢੋਲ, ਦੇਖ ਲੈ ਹੁਣ ਥਾਂ ਥਾਂ ਆਪਣਾ ਨਾਂ ਬੋਲੂ .... ਹਵਾ 'ਚ ਤੈਰੂ ਸ੍ਹੂੰ...ਅ... ਦੇਣੇ... ਤੂੰ ਵੀ ਕੀ ਯਾਦ ਰੱਖੇਂਗੀ ਬਈ ਲਾਵਾਂ ਲਈਆਂ ਸੀ ਹੋਛਾ ਸਿਹੁੰ ਨਾਲ ...।"

ਘਰ ਵਾਲੀ ਚੁੱਪ ਕਰਕੇ ਸੁਣੀ ਜਾਂਦੀ ।

"ਲੈ ਬਸ ਰੇਡੀਓ ਦਾ ਸੁੱਚ ਔਨ ਕਰਾਂਗੇ ਤੇ ਸਾਡਾ ਨਾ ...ਸਾਡੀ ਆਵਾਜ਼ ... ਸਾਡੀ ਆਪਣੀ ਆਵਾਜ਼ ਆਉਣ ਲਗ ਪਏਗੀ ... ਦੁਨੀਆਂ ਸੁਣੇਗੀ ਹੁਣ ਹੋਛਾ ਸਿਹੁੰ ਹੋਛਾ ਨੂੰ ਕਵਿਤਾ ਪੜ੍ਹਦਿਆਂ, ਗਾਉਂਦਿਆਂ ...। ਲਿਆ ਝੋਲਾ ਫੜਾ ਅੱਜ ਤੈਨੂੰ ਸਬਜ਼ੀ ਭਾਜੀ ਲਿਆ ਕੇ ਦਈਏ । ਫਲ ਫਰੂਟ ਖੁਆਈਏ ਤੈਨੂੰ ... ਤੂੰ ਵੀ ਕੀ ਯਾਦ ਕਰੇਂਗੀ ਬਈ ..।"

ਘਰ ਵਾਲੀ ਨੂੰ ਲੱਗਾ ਜਿਵੇਂ ਕਵੀ ਹੋਛਾ ਸਿੰਘ ਹੋਛਾ ਭਾਜੀ ਨਹੀਂ ਸਗੋਂ ਸੰਜੀਵਨੀ ਬੂਟੀ ਲੈਣ ਚਲੇ ਹੋਣ । ਉਹ ਜਦੋਂ ਦੀ ਇਸ ਘਰ 'ਚ ਵਿਆਹੀ ਆਈ ਸੀ ਹੋਛਾ ਸਿੰਘ ਕਦੀ ਟਕੇ ਦੀਆਂ ਮੂਲੀਆਂ ਵੀ ਨਹੀਂ ਸੀ ਲੈ ਕੇ ਆਏ । ਝੋਲਾ ਲੈ ਕੇ ਘਰੋਂ ਤੁਰਦਿਆਂ ਨੂੰ ਦੇਖ ਉਨ੍ਹਾਂ ਦੀ ਘਰ ਵਾਲੀ ਨੂੰ ਇਕ ਵਾਰੀ ਤਾਂ ਲੱਗਿਆ ਜਿਵੇਂ ਹੋਛਾ ਸਿੰਘ ਨਹੀਂ ਸਗੋਂ ਕੋਈ ਰਾਜ ਕੁਮਾਰ ਆਪਣੀ ਪ੍ਰੇਮਿਕਾ ਲਈ ਚਿੜੀਆਂ ਦਾ ਦੁੱਧ ਲੈਣ ਤੁਰ ਰਿਹਾ ਹੋਵੇ। ਪਰ ਫੇਰ ਵੀ ਉਸ ਕੋਲੋਂ ਰਿਹਾ ਨਾ ਗਿਆ ।

"ਸਬਜ਼ੀ ਭਾਜੀ ਖਾ ਖਾ ਤਾਂ ਅੱਗੇ ਹੀ ਵੱਖੀਆਂ ਸੁੱਜੀਆਂ ਪਈਆਂ ਹੋਰ ਖਾ ਕੇ ਕਿਤੇ ...।"

"ਤੇਰੀ ਮਜ਼ਾਕ ਦੀ ਆਦਤ ਨਾ ਗਈ ... ।" ਕਹਿ ਕੇ ਕਵੀ ਜੀ ਸਨ੍ਹਕੜੇ ਦੇ ਫੁੱਲਾਂ ਵਾਲਾ ਝੋਲਾ ਲੈ ਕੇ ਅਹੁ ਗਏ. ਅਹੁ ਗਏ ...।

"ਬੈਂਗਨ ਕੀ ਭਾਅ ਨੇ ਭਾਈਆ ....?" ਹੋਛਾ ਜੀ ਨੇ ਟੁੰਡੇ ਭਾਈਏ ਤੋਂ ਪੁੱਛਿਆ ।

"ਦੋ ਰੁਪੈ ਕੀਲੋ ਜੀ", ਟੁੰਡੇ ਭਾਈਏ ਨੇ ਟੁੰਡ 'ਤੇ ਖੁਰਕ ਕਰਦਿਆਂ ਆਖਿਆ ।

"ਰੇਡੀਓ ਹੈਗਾ ਤੇਰੇ ਕੋਲ, ਭਾਈਆ ?"

"ਭਿੰਡੀ ਤਰੇ ਰੁਪੈ ਕੀਲੋ ... ਟਮਾਟਰ ਛੇ ਰੁਪੈ ਕੀਲੋ ...।"

"ਭਾਈਆ ਰੇਡੀਓ ?" ਹੋਛਾ ਜੀ ਨੇ ਫਿਰ ਪੁੱਛਿਆ ।

"ਹੈਥੋਂ ਵੇਹਲ ਮਿਲੇ ਤਾਂ ਕੁਝ ਸੁਣੀਏ ... ਕੇ ਕਰਨਾ ਵੱਤ ਰੇਡੀਓ ...?"

"ਹੁਣ ਤਾਂ ਜਮਾਂਦਰ ਟੀ. ਵੀ. ਰੱਖੀ ਫਿਰਦੇ ਐ ਤੇ ਤੇਰੇ ਕੋਲ ਭਾਈਆ ਰੇਡੀਓ ਵੀ ਨਹੀਂ ...?"

ਭਾਈਆ ਸਬਜ਼ੀ ਤੋਲਣ ਲੱਗ ਪਿਆ । ਜ਼ੰਗਾਲ ਖਾਧੀ ਤਕੜੀ ਜ਼ੰਗਾਲ ਖਾਧੇ ਵੱਟੇ । ਹੌਲੀ ਹੌਲੀ ਢਿਚਕੂੰ ਢਿਚਕੂੰ । ਹੋਛਾ ਜੀ ਭਾਈਏ ਨੂੰ ਸੁਣਾ ਕੇ ਕਹਿਣ ਲੱਗੇ :

"ਭਾਈਆ ਜਲਦੀ ਜਲਦੀ ਤੋਲ ਸਬਜ਼ੀ ... ਤੂੰ ਤਾਂ ਸੁਸਰੀ ਆਂਗੂ ਕੰਮ ਕਰਦੈਂ, ਪਰ ਆਹੋ ਭਾਈਆ ਤੈਨੂੰ ਕਾਹਦੀ ਕਾਹਲ ਹੈ ਤੂੰ ਤਾਂ ਹੱਟੀ 'ਤੇ ਈ ਬਹਿਣੈ । ਤੂੰ ਕਿਹੜਾ ਰੇਡੀਓ ਪ੍ਰੋਗਰਾਮ 'ਤੇ ਜਾਣੈ ਸਾਡੇ ਆਂਗੂ ?"

"ਵੱਤ ਤੁਹੀਂ ਰੇਡੀਓ 'ਤੇ ਜਾਸੋ ? ਵਾਹ ਜੀ, ਵਾਹ ...।" ਟੁੰਡੇ ਭਾਈਏ ਨੇ ਇਸ ਸਟਾਈਲ 'ਚ ਕਿਹਾ ਜਿਵੇਂ ਕਹਿ ਰਿਹਾ ਹੋਵੇ : "ਇਹ ਮੂੰਹ ਤੇ ਮਸਰਾਂ ਦੀ ਦਾਲ ? ਮੂੰਹ ਤੇ ਦੇਖੋ ਜਿਵੇਂ ਚਿੱਭੜ ਸੁੱਕਣੇ ਪਾਏ ਹੋਏ ਹੋਣ ...।" ਪਰ ਫਿਰ ਵੀ ਉਹ ਉਪਰੋਂ ਉਪਰੋਂ ਕਹਿਣ ਲੱਗਾ, "ਸੁਣ ਸਾਂ ... ਸੁਣ ਸਾਂ... ਮੈਂ ਵੀ ਤੁਸਾਂ ਦਾ ਮੁਜ਼ਰਾ ਸੁਣ ਸਾਂ ।"

ਸਬਜ਼ੀ ਵਾਲਾ ਝੋਲਾ ਕੱਛ 'ਚ ਦੇ ਕੇ ਹੋਛਾ ਜੀ ਮਨਸੁੱਖ ਮੋਚੀ ਦੀ ਤੱਪੜਛਾਪ ਦੁਕਾਨ ਵੱਲ ਅਹੁਲੇ । ਉਨ੍ਹਾਂ ਦੇ ਬੂਟ ਆਖਰੀ ਸਾਹਾਂ 'ਤੇ ਸਨ । ਹੋਛਾ ਜੀ ਨੇ ਸੋਚਿਆ ਮਰਦਿਆਂ ਬੂਟਾਂ ਦੇ ਮੂੰਹ 'ਚ ਪਾਲਿਸ਼ ਪਾ ਈ ਦੇਈਏ।

"ਭਾਊ, ਪਾਲਿਸ਼ ਤੇ ਕਰ ਬੂਟਾਂ 'ਤੇ ... ।"

ਮਨਸੁੱਖ ਬੀੜੀ ਪੀ ਰਿਹਾ ਸੀ । ਅੱਧੀ ਕੁ ਪੀਤੀ ਸੀ ਤੇ ਅੱਧੀ ਕੁ 'ਚੋਂ ਪੂੰ ਪੂੰ ਕਰ ਕੇ ਧੂੰਆਂ ਖਿਚਣ ਦੀ ਕੋਸ਼ਿਸ਼ ਕਰ ਰਿਹਾ ਸੀ । ਗਾਹਕ ਆਉਣ ਦੀ ਜਿਵੇਂ ਉਸ ਨੂੰ ਕੋਈ ਖੁਸ਼ੀ ਈ ਨਾ ਹੋਵੇ ।

"ਤੈਨੂੰ ਤਾਂ ਲਗਦੈ ਜਿਵੇਂ ਗਾਹਕ ਆਉਣ ਦੀ ਕੋਈ ਖੁਸ਼ੀ ਈ ਨਾ ਹੋਈ ਹੋਵੇ । ਪਰ ਠੀਕ ਐ ਤੈਨੂੰ ਕਾਹਲ ਕਾਹਦੀ ਹੋਣੀ ਐਂ ਤੂੰ ਕਿਹੜਾ ਸਾਡੇ ਆਂਗੂ ਰੇਡੀਓ ਪਰੋਗਰਾਮ 'ਤੇ ਜਾਣੈ, ਕਾਹਲੀ ਤਾਂ ਅਸੀਂ ਕਰੀਏ ਜਿਹਨੇ ਰੇਡੀਓ ਪਰੋਗਰਾਮ ਦੀ ਤਿਆਰੀ ਕਰਨੀ ਐ ... ।"

ਮੋਚੀ ਚੁੱਪਚਾਪ ਪਾਲਿਸ਼ ਕਰਨ ਲਗ ਪਿਆ ।

"ਕਦੀ ਪਹਿਲਾਂ ਤਾਂ ਨੀ ਜੀ ਇਨ੍ਹਾਂ ਨੂੰ ਪਾਲਿਸ਼ ਦਿਖਾਈ ਇਹ ਤਾਂ ਊਈਂ ਟੂਵੈਲ ਆਂਗੂ ਪਾਲਿਸ਼ ਖਿਚਦੇ ਐ ... ।"

"ਹੀਂ ਹੀਂ ... ਇਹ ਤਾਂ ਰੇਡੀਓ 'ਤੇ ਜਾਣੈ ਨਾ ਭਾਈ ... ਇਸ ਕਰਕੇ ਈ ਐ ... ।"

ਪਾਲਿਸ਼ ਕਰਵਾ ਕੇ ਦੇਸੂ ਕਰਿਆਨੇ ਵਾਲੇ ਦੀ ਦੁਕਾਨ 'ਤੇ ਜਾ ਖਲੋਤੇ । ਬੂਟ ਇਉਂ ਲਗਦੇ ਸਨ ਜਿਵੇਂ ਨੱਬੇ ਸਾਲ ਦੀ ਬੁੱਢੀ ਨੇ ਲਿਪਸਟਿਕ ਠੋਕ ਕੇ ਲਾਈ ਹੋਵੇ ।

"ਇਕ ਰੁਪੇ ਦੀਆਂ ਲੈਚੀਆਂ ਤੇ ਸੌਂਫ ਦੇਈਂ, ਭਾਈ ਦੇਸੂ ਰਾਮਾ ..।"

"ਇਕ ਰੁਪੇ ਦੀ ਤਾਂ ਇਕ ਲੈਚੀ ਆਊ ਹੋਛਾ ਜੀ ... ਤੇ ਸੌਂਫ ...।"

"ਉਇ ਭਾਈ ਐਮੇਂ ਇਕ ਰੇਡੀਓ ਪਰੋਗਰਾਮ ਆ ਗਿਆ ਸੀ, ਮੈਂ ਸੋਚਿਆ ਜ਼ਰਾ ਲੈਚੀ ਲੂਚੀ ਖਾ ਕੇ ਆਵਾਜ਼ ਸੁਰੀਲੀ ਕਰ ਲਈਏ ।"

ਦੇਸੂ ਬਾਣੀਏ ਦਾ ਹਾਸਾ ਹੋਰੂੰ ਤਰ੍ਹਾਂ ਹੀ ਸੀ ਜਿਵੇਂ ਕਹਿ ਰਿਹਾ ਹੋਵੇ : "ਸਾਬਣ ਮਲ ਮਲ ਨ੍ਹਾਵੇ ਕਾਗਾ ਹੰਸ ਕਦੀ ਨਾ ਹੋਏ ... ਲੈਚੀ ਖਾ ਖਾ ਗਾਵੇ ਕਾਗਾ ਹੰਸ ਕਦੀ ਨਾ ਹੋਏ ... ।"

ਪਰ ਪੈਂਤਰਾ ਜਿਹਾ ਬਦਲ ਕੇ ਕਹਿਣ ਲੱਗਾ ।

"ਹੱਛਿਆ, ਹੋਛਾ ਜੀ ਰੇਡੀਓ 'ਤੇ ਜਾ ਰਹੇ ਓ — ਕੈ ਕੁ ਪੈਹੇ ਮਿਲਦੇ ਐ ਜੀ ਇਸ ਕੁੱਤੇ ਕੰਮ ਦੇ ... ?"

"ਪੈਹੇ ਬੜੇ ਮਿਲਦੇ ਐ ... ਦੇਸੂ ਰਾਮਾ ... ।" ਹੋਛਾ ਜੀ ਨੇ ਛਾਤੀ ਫੁਲਾ ਕੇ ਆਖਿਆ ।

"ਫੇਰ ਤਾਂ ਅਸੀਂ ਵੀ ਜਾਇਆ ਕਰਾਂਗੇ ਰੇਡੀਓ ਪਰੋਗਰਾਮ ਦੇਣ, ਐਮੇ ਗੁੜ ਸ਼ੱਕਰ ਤੋਲਦੇ ਰਹੀ ਦਾ ਸਾਰਾ ਦਿਨ ... ।"

ਹੋਛਾ ਜੀ ਨੇਮ ਪਲੇਟ ਵਾਲੇ ਨੂੰ ਆਖਣ ਲੱਗੇ :

"ਲੈ ਬਈ ਮਿੱਤਰ ਜੀ, ਇਕ ਨੇਮ ਪਲੇਟ ਬਣਾ ਦੇ ਮਹਾਂਕਵੀ ਹੋਛਾ ਸਿੰਘ ਹੋਛਾ ਰੇਡੀਓ ਆਰਟਿਸਟ ... ।"

"ਰੇਡੀਓ ਆਰਟਿਸਟ ? ਤੁਸੀਂ ਵੀ ਲਾਗੇ ਜੀ ਰੇਡੀਓ 'ਤੇ ਗੌਣ ਗੂਣ ... ?" ਤਾਂ ਹੋਛਾ ਜੀ ਉਸ ਵੱਲ ਇਉਂ ਝਾਕੇ ਜਿਵੇਂ ਕਹਿ ਰਹੇ ਹੋਣ :

"ਤੇਰੇ ਵਰਗੇ ਨੂੰ ਕੀ ਪਤਾ ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਆਂ .. . ?"

ਸਬਜ਼ੀ ਵਾਲਾ ਝੋਲਾ ਮੋਢੇ ਟੰਗੀ, ਮੂੰਹ 'ਚ ਅਲੈਚੀ ਚਗਲਦਿਆਂ ਆਪਣੀ ਹੀ ਗ਼ਜ਼ਲ ਦਾ ਸ਼ਿਅਰ ਗੁਣਗੁਣਾਉਂਦਿਆਂ ਜਦੋਂ ਹੋਛਾ ਜੀ ਆਪਣੇ ਘਰ ਦੇ ਬੂਹੇ ਕੋਲ ਅੱਪੜੇ ਤਾਂ ਗਲੀ ਦਾ ਡੱਬੂ ਕੁੱਤਾ ਲੱਤਾਂ ਪਸਾਰੀ ਸੁੱਤਾ ਪਿਆ ਸੀ । ਘਰ ਵਾਲੀ ਨੂੰ ਸੁਣਾ ਕੇ ਉਹਦੇ ਠੇਡਾ ਜਿਹਾ ਮਾਰਦੇ ਹੋਏ ਕਹਿਣ ਲੱਗੇ :

"ਦੇਖ ਤਾਂ ਸਹੀ ਸਾਲਾ ਕਿਵੇਂ ਸੁੱਤਾ ਪਿਆ ਲੱਤਾਂ ਨਿਸਾਰੀ — ਇਹਨੂੰ ਕਾਹਦਾ ਫਿਕਰ ਐ ਇਹਨੇ ਕਿਹੜਾ ਰੇਡੀਓ ਪਰੋਗਰਾਮ 'ਤੇ ਜਾਣੈ — ਫਿਕਰ ਤਾਂ ਹਮਾਤੜਾਂ ਨੂੰ ਐ ਜਿਹਨੇ ਰੇਡੀਓ 'ਤੇ ਪਰੋਗਰਾਮ ਦੇਣ ਜਾਣੈ ।"

ਸੁਣਦਿਆਂ ਹੀ ਗਲੀ ਦਾ ਅਮਲੀ ਸਾਈਂ ਆਪਣੀ ਘਰ ਵਾਲੀ ਨੂੰ ਉਚੀ ਦੇਣੀ ਕਹਿਣ ਲੱਗਾ :

"ਸੁਣਦੀ ਐਂ ... ਅਹਿ ਰੇਡੀਓ ਬੰਦ ਕਰਦੇ ... ਹੁਣ ਤਾਂ ਘੋਘੜ ਕਾਂ ਵੀ ਰੇਡੀਓ 'ਤੇ ਗੌਣ ਲੱਗ ਪੇ ਨੇ ... ।"

# ਸ੍ਰੀ ਵੀ. ਪੀ. ਸਿੰਘ ਤੇ ਭਾਰਤੀ ਰਾਜਨੀਤੀ ਦਾ ਭਵਿੱਖ

ਪ੍ਰੋ: ਪਿਆਰਾ ਸਿੰਘ ਭੋਗਲ

ਭਾਰਤ ਦੀ ਰਾਜਨੀਤੀ ਵਿਚ ਆਜ਼ਾਦੀ ਦੇ ਚਾਲੀ ਸਾਲ ਬਾਅਦ ਦੋ ਮਹੱਤਵਪੂਰਨ ਘਟਨਾਵਾਂ ਵਾਪਰੀਆਂ ਹਨ। ਪਹਿਲੀ, ਦੇਸ਼ ਭਰ ਵਿਚ ਇਕ ਐਸਾ ਵਿਅਕਤੀ ਉਭਰਿਆ ਹੈ, ਜਿਸ ਦੀ ਪ੍ਰਸ਼ਾਸਨਕ ਯੋਗਤਾ ਤੇ ਰਾਜਨੀਤਕ ਅਸੂਲਪ੍ਰਸਤੀ ਅਜ਼ਮਾਈ ਗਈ ਹੈ, ਤੇ ਜੋ ਸੱਤਾਧਾਰੀ ਪ੍ਰਧਾਨ ਮੰਤਰੀ ਦੇ ਮੁਕਾਬਲੇ ਵਿਚ ਮਤਬਾਦਲ ਪ੍ਰਧਾਨ ਮੰਤਰੀ ਬਣ ਸਕਣ ਦੀ ਆਸ਼ਾ ਜਗਾ ਚੁੱਕਾ ਹੈ। ਦੂਜੀ, ਸਾਰੇ ਦੇਸ਼ ਦੇ ਕਈ ਸੂਬਿਆਂ ਵਿਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਚਲ ਰਹੀਆਂ ਹਨ ਤੇ ਇਨ੍ਹਾਂ ਵਿਚੋਂ ਸਾਰੀਆਂ ਤਾਂ ਨਹੀਂ ਕਈ ਕਾਂਗਰਸੀ ਸੂਬਾਈ ਸਰਕਾਰਾਂ ਦੇ ਮੁਕਾਬਲੇ ਵਿਚ ਵਧੇਰੇ ਪ੍ਰਭਾਵਸ਼ਾਲੀ ਕੰਮ ਕਰ ਰਹੀਆਂ ਹਨ।

## ਤਰੀਕਾ

ਸ੍ਰੀ ਰਾਜੀਵ ਗਾਂਧੀ ਨੇ ਸ੍ਰੀ ਵੀ ਪੀ ਸਿੰਘ ਨੂੰ ਵਜ਼ਾਰਤ ਵਿਚੋਂ ਕੱਢ ਕੇ ਸ੍ਰੀਮਤੀ ਗਾਂਧੀ ਦਾ ਤਰੀਕਾ ਹੀ ਵਰਤਿਆ ਸੀ। ਸ੍ਰੀਮਤੀ ਗਾਂਧੀ ਸਿਰਫ ਅਯੋਗ ਵਜ਼ੀਰ ਹੀ ਨਹੀਂ ਸੀ ਕੱਢਿਆ ਕਰਦੀ, ਕਈ ਵਾਰ ਬੜੇ ਕੁਸ਼ਲ ਤੇ ਈਮਾਨਦਾਰ ਮੰਤਰੀ ਤੇ ਮੁਖ ਮੰਤਰੀ ਵੀ ਕੱਢਦੀ ਰਹੀ, ਸਿਰਫ ਇਸ ਕਰਕੇ ਉਹ ਵਧੇਰੇ ਸਫਲ ਹੋ ਕੇ ਕੱਲ੍ਹ ਨੂੰ ਉਸ ਦੀ ਥਾਂ ਪ੍ਰਧਾਨ ਮੰਤਰੀ ਨਾ ਬਣ ਜਾਣ ਆਪਣੀ ਵਜ਼ਾਰਤ ਵਿਚੋਂ ਉਸ ਨੇ ਸਮੇਂ ਸਮੇਂ ਸ੍ਰੀ ਦਿਨੇਸ਼ ਸਿੰਘ, ਸ੍ਰੀ ਚਵਾਨ ਨੂੰ ਕੱਢਿਆ ਜਾਂ ਨਵੀਂ ਵਜ਼ਾਰਤ ਦਾ ਗਠਨ ਕਰਦਿਆਂ ਇਨ੍ਹਾਂ ਨੂੰ ਛੱਡ ਦਿੱਤਾ। ਇਨ੍ਹਾਂ ਵਿਚੋਂ ਕੋਈ ਵਿਅਕਤੀ ਵੀ ਦਾਗੀ ਨਹੀਂ ਸੀ। ਮੁੱਖ ਮੰਤਰੀਆਂ ਵਿਚੋਂ ਕੁਸ਼ਲਤਾ ਦੇ ਬਾਵਜੂਦ ਯੂ. ਪੀ. ਦੇ ਮੁੱਖ ਮੰਤਰੀ ਸ੍ਰੀ ਬਹੁਗੁਣਾਂ ਨੂੰ ਪਦਵੀ ਤੋਂ ਹਟਾ ਦਿੱਤਾ ਗਿਆ ਸੀ। ਵਜ਼ਾਰਤਾਂ ਵਿਚੋਂ ਕੱਢੇ ਗਏ ਜਾਂ ਛੱਡੇ ਗਏ ਵਿਅਕਤੀ ਕਈ ਵਾਰ ਤਾਂ ਵਜ਼ੀਰੀ ਤੋਂ ਹਟਦੇ ਸਾਰ "ਹਲਕੇ" ਵਿਅਕਤੀ ਬਣ ਗਏ। ਜਿਵੇਂ ਦਿਨੇਸ਼ ਸਿੰਘ। ਕਈਆਂ ਦਾ ਰਾਜਨੀਤਕ ਕੱਦ ਬੁੱਤ ਛੋਟਾ ਹੋ ਗਿਆ। ਜਿਵੇਂ ਬਹੁਗੁਣਾ ਦਾ। ਇੰਦਰਾ ਦਾ ਹਟਾਇਆ ਹੋਇਆ ਇਕ ਵੀ ਵਿਅਕਤੀ ਉਸ ਦੇ ਮੁਕਾਬਲੇ ਵਿਚ ਨੇਤਾ ਨਾ ਬਣ ਸਕਿਆ।

ਸ੍ਰੀ ਜਵਾਹਰ ਲਾਲ ਨਹਿਰੂ ਦੇ ਜ਼ਮਾਨੇ ਵਿਚ ਸ੍ਰੀ ਜੈ ਪ੍ਰਕਾਸ਼ ਨਾਰਾਇਣ ਜ਼ਰੂਰ ਉਸ ਜ਼ਮਾਨੇ ਦੇ ਲੋਕਾਂ ਦੀਆਂ ਨਜ਼ਰਾਂ ਵਿਚ ਬਰਾਬਰ ਦਾ ਨੇਤਾ ਮੰਨਿਆ ਜਾਂਦਾ ਸੀ। ਕੁਝ ਲੋਕ ਇਹ ਵੀ ਸੋਚਿਆ ਕਰਦੇ ਸਨ ਕਿ ਸ੍ਰੀ ਜੈ ਪ੍ਰਕਾਸ਼ ਨਾਰਾਇਣ ਸ੍ਰੀ ਨਹਿਰੂ ਨਾਲ ਡਿਪਟੀ ਪ੍ਰਧਾਨ ਮੰਤਰੀ ਬਣ ਜਾਏ, ਜਿਵੇਂ ਸ੍ਰੀ ਪਟੇਲ ਦੀ ਮੌਤ ਤੋਂ ਬਾਅਦ ਕੁਝ ਸਮੇਂ ਲਈ ਸ੍ਰੀ ਨਹਿਰੂ ਨੇ ਆਪ ਵੀ ਚਾਹਿਆ ਸੀ, ਤਾਂ ਕੱਲ੍ਹ ਨੂੰ ਨਵਾਂ ਪ੍ਰਧਾਨ ਮੰਤਰੀ ਉਹ ਬਣ ਸਕਦੇ ਹਨ। ਪਰ ਸ੍ਰੀ ਨਾਰਾਇਣ ਸ੍ਰੀ ਨਹਿਰੂ ਦੇ ਮੁਕਾਬਲੇ ਵਿਚ ਵਧੇਰੇ "ਆਸ਼ਾਵਾਦੀ" ਵਿਅਕਤੀ ਸਨ। ਉਹ ਮੰਤਰੀ ਮੰਡਲ ਵਿਚ ਨਾ ਆਏ ਸਗੋਂ ਸ੍ਰੀ ਨਹਿਰੂ ਦੇ ਵਕਤ ਵਿਚ ਉਨ੍ਹਾਂ ਦੇ ਸਖਤ ਨੁਕਤਾਚੀਨੀ ਬਣ ਗਏ ਤੇ ਆਖਰ ਜਨਤਾ ਪਾਰਟੀ ਖੜ੍ਹੀ ਕਰ ਕੇ ਇਸ ਸੰਸਾਰ ਤੋਂ ਚੜ੍ਹਾਈ ਕਰਕੇ ਗਏ।

ਸ੍ਰੀ ਵੀ. ਪੀ. ਸਿੰਘ ਵੀ ਯੂ ਪੀ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ। ਉਨ੍ਹਾਂ ਨੂੰ ਸ੍ਰੀਮਤੀ ਗਾਂਧੀ ਨੇ ਹਟਾਇਆ ਨਹੀਂ ਸੀ। ਉਨ੍ਹਾਂ ਨੇ ਡਾਕੂਆਂ ਦੀ ਸਮੱਸਿਆ ਹੱਲ ਕਰ ਸਕਣ ਵਿਚ ਆਪਣੀ ਅਸਫਲਤਾ ਮੰਨ ਕੇ ਅਸਤੀਫਾ ਦਿੱਤਾ ਸੀ। ਸ੍ਰੀ ਰਾਜੀਵ ਗਾਂਧੀ ਦੀ ਵਜ਼ਾਰਤ ਵਿਚੋਂ ਉਹ ਮਤਭੇਦਾਂ ਕਾਰਨ ਅਲੱਗ ਹੋ ਗਏ। ਪਰ ਦੋਵੇਂ ਵਾਰ ਉਹ ਲੋਕਾਂ ਦੀਆਂ ਨਜ਼ਰਾਂ ਵਿਚੋਂ ਡਿੱਗੇ ਨਹੀਂ, ਲੋਕਾਂ ਨੂੰ ਭੁੱਲੇ ਨਹੀਂ ਸਗੋਂ ਨਾਇਕ ਬਣ ਕੇ ਉਭਰੇ। ਐਤਕੀਂ ਤਾਂ ਉਨ੍ਹਾਂ ਨੇ ਸੂਬਿਆਂ ਦਾ ਦੌਰਾ ਕਰਕੇ ਦੇਸ਼ ਭਰ ਵਿਚ "ਆਪਣਾ ਰਾਜਨੀਤਕ ਹਲਕਾ" ਸਥਾਪਤ ਕਰਨ ਦਾ ਯਤਨ ਕੀਤਾ ਹੈ। ਉਹ ਪ੍ਰਧਾਨ ਮੰਤਰੀ ਉਤੇ ਖੁੱਲ੍ਹ ਕੇ ਪਰ ਬੜੀ ਸਭਿਆ ਰਾਜਨੀਤਕ ਭਾਸ਼ਾ ਵਿਚ ਨੁਕਤਾਚੀਨੀ ਕਰ ਰਹੇ ਹਨ। ਉਨ੍ਹਾਂ ਦੀ ਖੁਸ਼ਕਿਸਮਤੀ ਨੂੰ ਪ੍ਰਧਾਨ ਮੰਤਰੀ ਨੇ ਬੋਫੋਰਜ਼ ਦੇ ਸਕੈਂਡਲ 'ਤੇ ਢੱਕਣ ਪਾਈ ਰੱਖਣ ਦੇ ਯਤਨ ਕਰ ਕੇ, ਨਾਲ ਨਾਲ ਕਈ ਸੂਬਿਆਂ ਵਿਚ ਚੋਣਾਂ ਹਾਰ ਕੇ ਪੰਜਾਬ ਦੀ ਸਮੱਸਿਆ ਨਾ ਹੱਲ ਕਰਕੇ ਆਪਣੀ ਰਾਜਨੀਤਕ ਸ਼ਖਸੀਅਤ ਧੁੰਦਲੀ ਕਰ ਲਈ ਹੈ। ਇਸ ਵੇਲੇ ਦੇਸ਼ ਦੀ ਮੁੱਖ ਹਸਤੀ ਪ੍ਰਧਾਨ ਮੰਤਰੀ ਨਹੀਂ ਰਹੇ, ਜਿਵੇਂ ਸ੍ਰੀ ਨਹਿਰੂ ਤੇ ਸ੍ਰੀਮਤੀ ਗਾਂਧੀ ਦੇ ਜ਼ਮਾਨੇ ਵਿਚ ਹੁੰਦਾ ਸੀ ਸਗੋਂ ਸ੍ਰੀ ਵੀ ਪੀ ਸਿੰਘ ਬਣ ਗਏ ਹਨ।



## ਕਾਰਨ

ਸ੍ਰੀ ਵੀ ਪੀ ਸਿੰਘ ਦੇ "ਚੜ੍ਹਾਓ" ਦੇ ਕਾਰਨ ਦੋ ਹਨ। ਪਹਿਲਾ, ਉਨ੍ਹਾਂ ਦੀ ਨਿੱਜੀ ਇਮਾਨਦਾਰੀ ਦੀ ਸ਼ੁਹਰਤ। ਦੂਜਾ, ਬੋਫੋਰਜ਼ ਸਕੈਂਡਲ। ਪੱਛਮੀ ਜਰਮਨੀ ਦੀਆਂ ਪਣਡੁੱਬੀਆਂ ਦੀ ਖਰੀਦ ਦਾ ਸਕੈਂਡਲ ਅਤੇ ਸਵਿੱਸ ਬੈਂਕਾਂ ਦੇ ਖਾਤਿਆਂ ਦੀ ਗੱਲ ਸਾਹਮਣੇ ਆਉਣ 'ਤੇ ਭ੍ਰਿਸ਼ਟਾਚਾਰ ਨੰਗਾ ਕਰਨ ਲਈ ਤਤਪਰ ਹੋ ਜਾਣਾ ਤੇ ਇਸ ਦੀ ਖਾਤਰ ਵਜ਼ਾਰਤ ਛੱਡ ਜਾਣ ਲਈ ਤਿਆਰ ਹੋ ਜਾਣਾ। ਇਉਂ ਉਨ੍ਹਾਂ ਦੀ ਭਲ ਇਹ ਬਣ ਗਈ ਹੈ ਕਿ ਉਹ ਸ੍ਰੀ ਰਾਜੀਵ ਗਾਂਧੀ ਦੇ ਮੁਕਾਬਲੇ ਵਿਚ ਵਧੇਰੇ ਬੇਦਾਗ ਹਨ ਤੇ ਵਧੇਰੇ ਸਵੱਛ ਰਾਜਨੀਤੀ ਤੇ ਪ੍ਰਸ਼ਾਸਨ ਚਲਾਉਣ ਦੇ ਹੱਕ ਵਿਚ ਹਨ।

ਸ੍ਰੀ ਵੀ ਪੀ ਸਿੰਘ ਦੇ ਅੱਗੇ ਆਉਣ ਨਾਲ ਕਾਂਗਰਸ ਵਿਚ ਤਾਂ ਘਬਰਾਹਟ ਪੈਦਾ ਹੋਣੀ ਹੀ ਸੀ, ਕੁਝ ਵਿਰੋਧੀ ਪਾਰਟੀਆਂ ਵੀ ਰਾਜਨੀਤਕ ਦੁਬਿਧਾ ਵਿਚ ਫਸ ਗਈਆਂ ਹਨ। ਕਾਰਨ ਇਹ ਹੈ ਕਿ ਸ੍ਰੀ ਵੀ ਪੀ ਸਿੰਘ ਦੀ ਆਪਣੀ ਰਾਜਨੀਤਕ ਪਾਰਟੀ ਕੋਈ ਨਹੀਂ। ਉਨ੍ਹਾਂ ਦੇ ਸਰਗਰਮ ਸਮਰਥਕ ਕਾਂਗਰਸ ਵਿਚੋਂ ਕੱਢੇ ਗਏ ਐਮ ਪੀ ਤੇ ਐਮ ਐਲ ਏ ਜਾਂ ਵਜ਼ੀਰ ਹਨ। ਇਨ੍ਹਾਂ ਦੀ ਗਿਣਤੀ ਬਹੁਤ ਥੋੜੀ ਹੈ। ਤਾਂ ਵੀ ਸ੍ਰੀ ਵੀ ਪੀ ਸਿੰਘ ਸਰਬ ਭਾਰਤੀ ਕੌਮੀ ਸ਼ਖਸੀਅਤ ਬਣ ਰਹੇ ਹਨ। ਇਉਂ ਕਹਿ ਲਵੋ, ਬਿਨਾ ਪਾਰਟੀ ਬਣਾਇਆਂ, ਉਹ ਭਾਰਤੀ ਵੋਟਰਾਂ ਵਿਚ ਆਪਣੇ ਪੈਰੋਕਾਰ ਬਣਾ ਰਹੇ ਹਨ। ਉਨ੍ਹਾਂ ਦੀ ਹੁਣ ਤੱਕ ਆਸ਼ਾ ਅਤੇ ਨੀਤੀ ਇਹ ਰਹੀ ਹੈ ਕਿ ਜੇ ਸ੍ਰੀ ਰਾਜੀਵ ਗਾਂਧੀ ਕਾਂਗਰਸ ਪਾਰਲੀਮੈਂਟਰੀ ਪਾਰਟੀ ਤੋਂ ਅਸਤੀਫਾ ਦੇ ਦੇਣ ਜਾਂ ਪਾਰਟੀ ਉਨ੍ਹਾਂ ਦੇ ਖਿਲਾਫ ਬਗਾਵਤ ਕਰ ਦੇਵੇ ਤਾਂ ਉਹ ਆਪ ਉਨ੍ਹਾਂ ਦਾ ਬਦਲ ਬਣ ਸਕਦੇ ਹਨ। ਪਰ ਸ੍ਰੀ ਰਾਜੀਵ ਗਾਂਧੀ ਜੇ ਬੋਫੋਰਜ਼ ਵਿਚੋਂ ਹੋਰ ਵੀ ਨੰਗੇ ਹੋ ਜਾਣ ਜਾਂ ਦੇਸ਼ ਦਾ ਆਰਥਿਕ ਤੇ ਰਾਜਨੀਤਕ ਸੰਕਟ ਏਨਾ ਗੰਭੀਰ ਹੋ ਜਾਵੇ ਕਿ ਉਹ ਰਾਜ ਭਾਗ ਚਲਾ ਹੀ ਨਾ ਸਕਣ ਤਾਂ ਹੀ ਪਰ੍ਹਾਂ ਹਟਣਗੇ। ਨਹੀਂ ਤਾਂ, ਉਹ ਆਪਣਾ ਵਿਗੜਿਆ ਬਿੰਬ ਸੁਧਾਰਨਾ ਚਾਹੁਣਗੇ ਅਤੇ ਸ੍ਰੀ ਵੀ ਪੀ ਸਿੰਘ ਦੀ ਵਧ ਰਹੀ ਲੋਕਪ੍ਰਿਯਤਾ ਖਰਾਬ ਕਰਕੇ ਉਨ੍ਹਾਂ ਨੂੰ ਪੈਰੋਂ ਕੱਢਣਾ ਚਾਹੁਣਗੇ। ਇਹ ਦੋਵੇਂ ਗੱਲਾਂ ਭਵਿੱਖ ਵਿਚ ਛੁਪੀਆਂ ਹੋਈਆਂ ਹਨ।

## ਰਸੂਖ

ਹਾਲ ਦੀ ਘੜੀ ਸ੍ਰੀ ਵੀ ਪੀ ਸਿੰਘ ਹਿੰਦੀ ਸੂਬਿਆਂ ਵਿਚ ਖਾਸ ਕਰਕੇ ਯੂ ਪੀ ਤੇ ਬਿਹਾਰ ਵਿਚ ਕਾਂਗਰਸ ਤੋਂ ਮੈਦਾਨ ਖੋਹਣ ਵਿਚ ਰੁੱਝੇ ਹੋਏ ਹਨ। ਪਿਛਲੇ ਦਿਨੀਂ ਉਹ ਬਨਾਰਸ ਗਏ, ਜੋ ਕਮਲਾਪਤੀ ਤ੍ਰਿਪਾਠੀ ਦਾ ਨਿੱਜੀ ਰਸੂਖ ਵਾਲਾ ਇਲਾਕਾ ਹੈ। ਲਗਪਗ 85 ਸਾਲ ਦੇ ਤ੍ਰਿਪਾਠੀ ਦੀ ਸ੍ਰੀ ਰਾਜੀਵ ਗਾਂਧੀ ਨੇ ਕਾਫੀ ਹੇਠੀ ਕੀਤੀ ਸੀ, ਤਾਂ ਵੀ ਉਹ ਅਜੇ ਸ੍ਰੀ ਗਾਂਧੀ ਨਾਲ ਜੁੜੇ ਹੋਏ ਹਨ। ਬਨਾਰਸ ਵਿਚ ਸ੍ਰੀ ਵੀ ਪੀ ਸਿੰਘ ਦਾ ਜੋ ਸਵਾਗਤ ਹੋਇਆ, ਉਸ ਨੇ ਵਿਸ਼ੇਸ਼ ਤੌਰ 'ਤੇ ਬ੍ਰਾਹਮਣ ਜਾਤੀ ਨੂੰ ਉਨ੍ਹਾਂ ਦੇ ਸਮਰਥਕਾਂ ਵਿਚ ਸ਼ਾਮਲ ਹੋਣ ਦਾ ਸੰਕੇਤ ਕੀਤਾ ਹੈ। ਸ੍ਰੀ ਤ੍ਰਿਪਾਠੀ ਬ੍ਰਾਹਮਣ ਹਨ। ਬਨਾਰਸ ਬ੍ਰਾਹਮਣਾਂ ਦਾ ਗੜ੍ਹ ਹੈ। ਉਂਜ ਵੀ ਕਾਂਗਰਸੀਆਂ ਵਿਚ ਪ੍ਰਚਾਰ ਇਹ ਸੀ ਕਿ ਵੀ ਪੀ ਸਿੰਘ ਸਿਰਫ "ਠਾਕਰ ਜਾਤੀ" (ਰਾਜਪੂਤਾਂ ਦਾ ਇਕ ਵਰਗ) ਦਾ ਹੀ ਲੀਡਰ ਹੈ। ਸ੍ਰੀ ਵੀ ਪੀ ਸਿੰਘ ਨੇ ਇਹ ਭਰਮ ਤੋੜ ਦਿੱਤਾ ਹੈ

ਭਾਰਤੀ ਰਾਜਨੀਤਕ ਸਥਿਤੀ ਬਾਰੇ ਕੁਝ ਮੂਲ ਗੱਲਾਂ ਧਿਆਨ ਵਿਚ ਰੱਖਣ ਦੀ ਲੋੜ ਹੈ। ਪਹਿਲੀ, ਭਾਰਤੀਆਂ ਦੀ ਭਾਰੀ ਬਹੁਗਿਣਤੀ ਰਾਜਨੀਤਕ ਅਤੇ ਆਰਥਿਕ ਹਾਲਤ ਵਿਚ ਤਬਦੀਲੀ ਚਾਹੁੰਦੀ ਹੈ। ਦੂਜੀ, ਭਾਵੇਂ ਨੇਤਾ ਤੇ ਵਜ਼ੀਰ, ਸੱਤਾ ਵਿਚ ਆ ਕੇ ਨਿਰਾਸ਼ ਹੀ ਕਰਦੇ ਹਨ, ਲੋਕਾਂ ਨੂੰ ਆਸ਼ਾ ਹੈ ਕਿ ਵੋਟਾਂ ਰਾਹੀਂ ਚੁਣੀਆਂ ਸਰਕਾਰਾਂ ਸਾਡੀ ਦਸ਼ਾ ਬਦਲ ਸਕਦੀਆਂ ਹਨ। ਇਸੇ ਕਰਕੇ ਲੋਕ ਹੁੰਮ ਹੁਮਾ ਕੇ ਵੋਟ ਪਾਉਣ ਜਾਂਦੇ ਹਨ। ਤੀਜੇ, ਭਾਰਤੀ ਲੋਕ ਅਜੇ ਬੌਧਿਕ ਘੱਟ ਭਾਵੁਕ ਜ਼ਿਆਦਾ ਹਨ। ਉਨ੍ਹਾਂ ਵਿਚ ਵਿਅਕਤੀ ਪੂਜਾ ਦਾ ਜਜ਼ਬਾ ਤਕੜਾ ਹੈ। ਇਸੇ ਕਰ ਕੇ 1969-70-71 ਵਿਚ ਜਦੋਂ ਇੰਦਰਾ ਨੇ ਬੈਂਕਾਂ ਤੇ ਬੀਮਾ ਕਾਰੋਬਾਰ ਦਾ ਕੌਮੀਕਰਨ ਕੀਤਾ ਸੀ, ਬੰਗਲਾ ਦੇਸ਼ ਬਣਾ ਕੇ ਪਾਕਿਸਤਾਨ ਦੀ ਫਿਰਕਾਪ੍ਰਸਤੀ ਨੂੰ ਸੱਟ ਮਾਰੀ ਸੀ, ਤਾਂ ਭਾਰਤੀ ਜਨਤਾ ਇੰਦਰਾ ਵੱਲ ਉਲਰ ਗਈ। ਜਦੋਂ 1977 ਵਿਚ ਇੰਦਰਾ ਤੋਂ ਨਿਰਾਸ਼ ਹੋ ਗਈ ਜਨਤਾ ਨੂੰ ਜੈ ਪ੍ਰਕਾਸ਼ ਨਰਾਇਣ ਨੇ "ਜਨਤਾ ਪਾਰਟੀ" ਦਾ ਕ੍ਰਿਸ਼ਮਾ ਦਿਖਾਇਆ, ਤਾਂ ਵੋਟਰ ਜਨਤਾ ਪਾਰਟੀ ਵੱਲ ਉਲਰ ਗਏ। ਜੇ ਜਨਤਾ ਪਾਰਟੀ ਸਫਲ ਨਹੀਂ ਹੋਈ ਤਾਂ 1980 ਵਿਚ ਵੋਟਾਂ ਮੁੜ ਕੇ ਇੰਦਰਾ ਨੂੰ ਪੈ ਗਈਆਂ। ਲੋਕ ਆਸ਼ਾਵਾਦੀ ਹਨ, ਭਾਵੇਂ ਨੇਤਾ ਤੇ ਸਰਕਾਰਾਂ ਉਨ੍ਹਾਂ ਨੂੰ ਨਿਰਾਸ਼ ਕਰ ਰਹੀਆਂ ਹਨ।

ਇਸ ਵੇਲੇ ਸ੍ਰੀ ਵੀ ਪੀ ਸਿੰਘ ਆਸ਼ਾ ਦਾ ਤਾਰਾ ਬਣ ਕੇ ਚੜ੍ਹਿਆ ਹੈ। ਕੀ ਉਹ ਵੀ ਨਿਰਾਸ਼ ਕਰੇਗਾ ? ਇਹ ਭਵਿੱਖ ਦੱਸੇਗਾ।

## ਆਸ਼ਾ

ਉਂਜ ਵੀ ਪੀ ਸਿੰਘ ਤੋਂ ਆਸ਼ਾ ਕਿੰਨੀ ਕੁ ਰੱਖਣੀ ਚਾਹੀਦੀ ਹੈ, ਇਹ ਗੱਲ ਵੀ ਵਿਚਾਰ ਗੋਚਰੀ ਹੈ। ਉਸ ਨੇ ਕੋਈ ਵੱਡੇ ਵੱਡੇ ਦਾਅਵੇ ਨਹੀਂ ਕੀਤੇ। ਵਿਦੇਸ਼ੀ ਸੌਦਿਆਂ ਵਿਚ ਲਈ ਗਈ ਦਲਾਲੀ ਤੇ ਰਿਸ਼ਵਤ ਦੇ ਖਿਲਾਫ ਬੋਲਿਆ ਹੈ। ਵਿਦੇਸ਼ੀ ਬੈਂਕਾਂ ਵਿਚ ਛੁਪਾ ਕੇ ਰੱਖੇ ਗਏ ਭਾਰਤੀ ਧਨ ਦੇ ਖਿਲਾਫ ਡਟਿਆ ਹੈ। ਭਾਰਤ ਦੀਆਂ ਆਰਥਿਕ ਤੇ ਰਾਜਨੀਤਕ ਸਮੱਸਿਆਵਾਂ ਡੂੰਘੀਆਂ ਤੇ ਵੱਡੀਆਂ ਹਨ। ਇਨ੍ਹਾਂ ਬਾਰੇ ਆਪਣੀ ਨੀਤੀ ਤੇ ਸੋਚ ਨਹੀਂ ਦੱਸੀ। ਸਿਰਫ ਇਹ ਪ੍ਰਭਾਵ ਦਿਤਾ ਹੈ ਕਿ ਹਰ ਸਮੱਸਿਆ ਬਾਰੇ ਦੇਸ਼ ਪੱਖੀ ਤੇ ਲੋਕ-ਪੱਖੀ ਸਟੈਂਡ ਲੈਣਾ ਚਾਹੀਦਾ ਹੈ।

ਕਮਿਊਨਿਸਟ ਹਲਕਿਆਂ ਦਾ ਦੋਸ਼ ਸੀ ਕਿ ਸੱਜ-ਪਿਛਾਖੜ ਅਤੇ ਅਮਰੀਕਾ ਉਸ ਦੇ ਪਿੱਛੇ ਖੜ੍ਹਾ ਹੋ ਰਿਹਾ ਹੈ। ਇਸੇ ਕਰਕੇ ਪਹਿਲਾਂ ਪਹਿਲਾਂ ਸੀ. ਪੀ. ਆਈ. ਤੇ ਸੀ. ਪੀ. ਐਮ. ਉਸ ਦੀ ਥਾਂ ਸ੍ਰੀ ਰਾਜੀਵ ਗਾਂਧੀ ਦਾ ਟੇਢਾ ਸਮਰਥਨ ਕਰਦੀਆਂ ਰਹੀਆਂ। ਪਰ ਹੁਣ ਹੇਠਾਂ ਆਪਣੇ ਵਰਕਰਾਂ ਅਤੇ ਆਮ ਲੋਕ-ਰਾਏ ਦਾ ਦਬਾਉ ਦੇਖ ਕੇ ਸੀ ਪੀ ਐਮ, ਖਾਸ ਤੌਰ 'ਤੇ ਸੀ ਪੀ ਐਮ ਦੇ ਪੱਛਮੀ ਬੰਗਾਲ ਦੇ ਮੁਖ ਮੰਤਰੀ ਸ੍ਰੀ ਜਿਉਤੀ ਬਾਸੂ ਸ੍ਰੀ ਵੀ ਪੀ ਸਿੰਘ ਦੇ ਸਮਰਥਨ ਬਣ ਗਏ ਜਾਪਦੇ ਹਨ।

ਜੇ ਤਾਂ ਸ੍ਰੀ ਵੀ ਪੀ ਸਿੰਘ ਕਾਂਗਰਸ ਵਿਧਾਨਕਾਰਾਂ ਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਆਪਣੀ ਵੱਲ ਕਾਫੀ ਗਿਣਤੀ ਵਿਚ ਖਿੱਚ ਲੈਂਦੇ ਹਨ, ਜਿਵੇਂ ਕਿ ਉਨ੍ਹਾਂ ਦੀ ਇੱਛਾ ਜਾਪਦੀ ਹੈ ਤਾਂ ਉਨ੍ਹਾਂ ਨੂੰ ਵਿਰੋਧੀ ਪਾਰਟੀ ਦੀ ਬਹੁਤੀ ਸਹਾਇਤਾ ਦੀ ਲੋੜ ਨਹੀਂ ਪੈਣੀ। ਅੱਜ ਕੱਲ੍ਹ ਉਹ ਉਤਰ ਪ੍ਰਦੇਸ਼ ਦੇ ਮੁਖ ਮੰਤਰੀ ਸ੍ਰੀ ਵੀਰ ਬਹਾਦਰ ਸਿੰਘ ਦੀ ਵਜ਼ਾਰਤ ਡੇਗਣ ਦੀ ਆਸ਼ਾ ਕਰਦੇ ਹਨ। ਸਮਝਿਆ ਜਾਂਦਾ ਹੈ ਕਿ ਜੇ ਸੱਤਾਧਾਰੀ ਪ੍ਰਧਾਨ ਮੰਤਰੀ ਤੋਂ ਯੂ ਪੀ ਤੇ ਬਿਹਾਰ ਦੇ ਸੂਬੇ ਖੋਹ ਲਏ ਜਾਣ, ਤਾਂ ਪ੍ਰਧਾਨ ਮੰਤਰੀ ਸੱਤਾ ਵਿਚ ਨਹੀਂ ਰਹਿ ਸਕਦਾ। ਇਕੱਲਾ ਯੂ ਪੀ 85 ਮੈਂਬਰ ਲੋਕ ਸਭਾ ਲਈ ਚੁਣਦਾ ਹੈ। ਮੁਰਾਰਜੀ ਡਿਸਾਈ ਨੂੰ ਛੱਡ ਕੇ ਸਾਰੇ ਪ੍ਰਧਾਨ ਮੰਤਰੀ ਇਸੇ ਸੂਬੇ ਨੇ ਦਿੱਤੇ ਹਨ। ਸ੍ਰੀ ਵੀ ਪੀ ਸਿੰਘ ਦਾ ਆਪਣਾ ਸੂਬਾ ਵੀ ਇਹੋ ਹੈ।

ਪਰ ਜਿਵੇਂ ਕਿ ਪਹਿਲਾਂ ਜ਼ਿਕਰ ਆ ਚੁੱਕਾ ਹੈ, ਸ੍ਰੀ ਰਾਜੀਵ ਗਾਂਧੀ ਪੂਰੀ ਕੋਸ਼ਿਸ਼ ਕਰਨਗੇ ਅਤੇ ਕਰ ਰਹੇ ਹਨ ਕਿ ਕਾਂਗਰਸ ਉਨ੍ਹਾਂ ਦੇ ਹੱਥੋਂ ਨਾ ਨਿਕਲੇ। ਉਸ ਹਾਲਤ ਵਿਚ ਸ੍ਰੀ ਵੀ ਪੀ ਸਿੰਘ ਨੂੰ ਬਦਲਵਾਂ ਪਲੇਟ ਫਾਰਮ ਅਤੇ ਸੰਗਠਨ ਚਾਹੀਦਾ ਹੈ। ਅਸਲ ਵਿਚ ਵਿਰੋਧੀ ਪਾਰਟੀਆਂ ਇਸ ਦੂਜੀ ਸੂਰਤ ਵਿਚ ਆਪਣੀ ਉਪਯੋਗਤਾ ਦਿਖਾਉਣ ਦੀ ਆਸ਼ਾ ਲਾਈ ਬੈਠੀਆਂ ਹਨ। ਉਨ੍ਹਾਂ ਨੂੰ ਆਸ਼ਾ ਹੈ ਕਿ ਕਾਂਗਰਸ ਕੇਂਦਰ ਵਿਚ ਰਾਜ ਕਰੇਗੀ। ਅਸੀਂ ਮੁਕਾਬਲੇ ਦੀ ਵਿਰੋਧੀ ਧਿਰ ਬਣ ਕੇ ਉਭਰਾਂਗੇ। ਮੁਕਾਬਲੇ ਦੀ ਵਿਰੋਧੀ ਧਿਰ ਨੂੰ ਇਕ ਵੱਡੇ ਨੇਤਾ ਦੀ ਲੋੜ ਹੋਵੇਗੀ। ਵਿਰੋਧੀ ਪਾਰਟੀਆਂ ਨੂੰ ਆਸ਼ਾ ਹੈ ਕਿ ਵਿਰੋਧੀ ਪਾਰਟੀਆਂ ਦੇ ਸਾਂਝੇ ਫਰੰਟ ਨੂੰ ਇਕ ਵੱਡੇ ਨੇਤਾ ਜਾਂ ਇਕ ਤੋਂ ਵੱਧ ਵੱਡੇ ਨੇਤਾਵਾਂ ਦੀ ਲੋੜ ਹੋਵੇਗੀ। ਇਕ ਵੱਡਾ ਨੇਤਾ ਜਾਂ ਵੱਡੇ ਨੇਤਾਵਾਂ ਵਿਚੋਂ ਇਕ ਨੇਤਾ ਸ੍ਰੀ ਵੀ ਪੀ ਸਿੰਘ ਦੇ ਬਣਨ ਦੀ ਆਸ਼ਾ ਕੀਤੀ ਜਾਂ ਸਕਦੀ ਹੈ। ਕਰਨਾਟਕ ਦੇ ਮੁਖ ਮੰਤਰੀ ਸ੍ਰੀ ਹੇਗੜੇ ਅਤੇ ਆਂਧਰਾ ਦੇ ਤੇਲਗੂ ਦੇਸਮ ਦੇ ਨੇਤਾ ਐਨ. ਟੀ. ਰਾਮਾਰਾਓ ਵਿਰੋਧੀ ਪਾਰਟੀਆਂ ਦਾ ਇਹੋ ਜਿਹਾ ਸਾਂਝਾ ਮੋਰਚਾ ਬਨਾਉਣ ਲਈ ਉਤਸਕ ਹਨ। ਇਨ੍ਹਾਂ ਵਿਚ ਹੋਰ ਖੇਤਰੀ ਪਾਰਟੀਆਂ ਜਿਵੇਂ ਅਕਾਲੀ ਦਲ ਵੀ ਸ਼ਾਮਲ ਹੋਣਗੇ। ਪਰ ਇਸ ਸਾਂਝੇ ਮੋਰਚੇ ਵਿਚ ਕਮਿਊਨਿਸਟ ਸ਼ਾਮਲ ਹੋਣਗੇ ? ਕਮਿਊਨਿਸਟ ਪਾਰਟੀਆਂ ਨੂੰ ਕਿਉਂਕਿ ਆਪਣੀ ਸਿਧਾਂਤਕ ਪੈਂਤੜੇਬਾਜ਼ੀ ਨਾਲ ਬਹੁਤਾ ਮੋਹ ਹੈ, ਇਸ ਕਰਕੇ ਉਹ ਇਹੋ ਜਿਹੀਆਂ ਖੇਤਰੀ ਪਾਰਟੀਆਂ ਜਾਂ ਗੈਰ-ਖੱਬੀਆਂ ਪਾਰਟੀਆਂ ਦੇ ਮੋਰਚੇ ਵਿਚ ਸ਼ਾਮਲ ਹੋਣ ਦੀ ਥਾਂ ਬਾਹਰੋਂ ਇਸ ਦੀ ਹਮਾਇਤ ਕਰਨ ਦੀ ਨੀਤੀ ਹੀ ਚੁਣਿਆ ਕਰਦੀਆਂ ਹਨ। ਪਰ ਜੇ ਇਹੋ ਜਿਹੇ ਸਾਂਝੇ ਮੋਰਚੇ ਵਿਚ

⟶




Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.

ਤੋਂ ਪੂਰਨ ਨਾਵਾਕਿਫ ਹੋਣਾ ਭੀ ਹੈ।

(2) ਗੁਰੂ ਗੋਬਿੰਦ ਸਿੰਘ ਆਖਰੀ ਦੇਹਧਾਰੀ ਗੁਰੂ ਸਨ —

ਇਹ ਇਕ ਵੱਡਾ ਭੁਲੇਖਾ ਹੈ ਜੋ ਉਘੇ ਸਿਖ ਪ੍ਰਚਾਰਕਾਂ ਤੇ ਲਿਖਾਰੀਆਂ ਨੂੰ ਭੀ ਲਗਾ ਹੋਇਆ ਹੈ। 1699 ਦੀ ਵੈਸਾਖੀ ਨੂੰ ਗੁਰੂ ਜੀ ਨੇ ਆਪਣੀ ਥਾਂ ਤੇ (ਦੇਹਧਾਰੀ) ਖਾਲਸਾ ਪੰਥ ਨੂੰ ਗੁਰੂ ਥਾਪ ਦਿੱਤਾ। ਇਸ ਜੁਗੋ ਜੁਗ ਅਟਲ ਦੇਹਧਾਰੀ ਗੁਰੂ (ਗੁਰੂ ਖਾਲਸਾ ਪੰਥ) ਤੋਂ ਗੁਰੂ ਗੋਬਿੰਦ ਰਾਏ ਨੇ ਆਪ ਅੰਮ੍ਰਿਤ ਛਕਿਆ ਅਤੇ ਗੋਬਿੰਦ ਸਿੰਘ ਬਣਕੇ ਆਪਣੇ ਆਪ ਨੂੰ ਖਾਲਸਾ ਪੰਥ ਵਿਚ ਹੀ ਸਮੋ ਦਿੱਤਾ। ਇਸੇ ਕਰਕੇ ਇਹ ਗਲ ਪ੍ਰਚਲਤ ਹੈ — ਦੇਹ ਪੰਥ ਵਿਚ, ਆਤਮਾ ਗ੍ਰੰਥ ਵਿਚ। ਇਸੇ ਖਾਲਸੇ ਨੂੰ ਗੁਰੂ ਜੀ ਨੇ "ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਾਜਨ ਸੂਰਾ" ਕਹਿਕੇ ਸਤਿਕਾਰਿਆ ਹੈ।

ਗੁਰੂ ਗੋਬਿੰਦ ਸਿੰਘ ਆਖਰੀ ਵਿਅਕਤੀਗਤ ਗੁਰੂ ਸਨ ਪਰ ਦੇਹਧਾਰੀ ਗੁਰੂ ਖਾਲਸਾ ਪੰਥ ਦੇ ਹੁੰਦਿਆਂ ਉਹਨਾਂ ਨੂੰ ਆਖਰੀ ਦੇਹ ਧਾਰੀ ਗੁਰੂ ਕਹਿਣਾ ਦਿਨ ਨੂੰ ਰਾਤ ਕਹਿਣ ਦੇ ਬਰਾਬਰ ਹੈ ਗੁਰੂ ਗੋਬਿੰਦ ਸਿੰਘ ਦੇ ਸਮੇਂ ਦੇ ਲਿਖਾਰੀ ਭਾਈ ਪ੍ਰਹਿਲਾਦ ਸਿੰਘ ਜੀ ਇਹ ਲਿਖਦੇ ਹਨ

ਗੁਰੂ ਖਾਲਸਾ ਮਾਨੀਅਹਿ, ਪਰਗਟ ਗੁਰੂ ਕੀ ਦੇਹ ॥
ਜੋ ਸਿਖ ਕੋ ਮਿਲਬੋ ਚਾਹਿ, ਖੋਜ ਇਨਹੁ ਮਹਿ ਲੇਹੁ।
ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਯੋ ਪੰਥ ॥
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਆਹੁ ਗ੍ਰੰਥ

ਪਰ ਵੇਖੋ ਸ਼ੈਤਾਨ ਅੰਗਰੇਜ਼ੀ ਸਰਕਾਰ ਦੀ ਚਾਲ। ਉਹਨਾਂ ਸਿਖ ਲਿਖਾਰੀਆਂ ਪਾਸੋਂ ਹੀ ਇਸ ਦੋਹਿਰੇ ਵਿਚ ਤਬਦੀਲੀਆਂ ਕਰਵਾਈਆਂ ਜਿਸ ਨਾਲ ਗੁਰੂ ਖਾਲਸਾ ਪੰਥ ਦੇ ਸਿਧਾਂਤ ਦੀ ਰੋਸ਼ਨੀ ਮਧਮ ਹੋ ਜਾਵੇ। ਗਿਆਨੀ ਗਿਆਨ ਸਿੰਘ ਨੇ ਉਪਰਲੇ ਵੀਚਾਰਾਂ ਨੂੰ ਇਹਨਾਂ ਸ਼ਬਦਾਂ ਵਿਚ ਬਦਲ ਦਿਤਾ।

— ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
— ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ ॥

ਨਵੇਂ ਲਿਖੇ ਇਹ ਦੋਹਿਰੇ ਇਤਨੇ ਪਰਚਲਤ ਹੋ ਗਏ ਕਿ ਸ਼੍ਰੋਮਣੀ ਕਮੇਟੀ ਨੂੰ ਭੀ ਪਾਸ ਕਰਨੇ ਪਏ (ਜਾਂ ਅਣਜਾਣ ਪੁਣੇ ਵਿਚ ਕੀਤੇ) ਹਨ ਏਹੀ ਦੋਹਿਰੇ ਸਾਰੇ ਗੁਰਦਵਾਰਿਆਂ ਵਿਚ ਪੜੇ ਜਾਂਦੇ ਹਨ। ਇਸ ਸਿਧਾਂਤ ਦਾ ਤੇਜ ਹੋਰ ਘਟਾਉਣ ਲਈ ਇਹਨਾਂ ਦੋਹਰਿਆਂ ਨਾਲ ਹੋਰ ਦੋਹਿਰੇ ਜੋੜ ਦਿਤੇ) ਤਾਂ ਕਿ ਸਿਖ ਉਹਨਾਂ (ਜਿਵੇਂ ਖੰਡਾ ਜਾ ਕੇ ਹਾਥ ਮੇਂ ...) ਦੇ ਤੱਤ ਵਲ ਘੱਟ ਧਿਆਨ ਦੇਣ ਤੇ ਹੋਰ ਵੀਚਾਰਾਂ ਵਿਚ ਲਗ ਜਾਣ।

(3) ਤਲਵਾਰ ਆਦਿ ਕਿਸੇ ਪ੍ਰਕਾਰ ਦੇ ਹਥਿਆਰ ਦੀ ਵਰਤੋਂ ਤਾਂ ਇਕ ਪਾਸੇ ਇਸ (ਗੁਰੂ ਗ੍ਰੰਥ ਸਾਹਿਬ) ਵਿਚ ਤਾਂ ਹਿੰਸਾ ਦਾ ਇਕ ਅਖਰ ਭੀ ਦਰਜ ਨਹੀਂ। ..............................

ਹਿੰਸਾ ਆਦਿ ਨਿਜੀ ਤਜਰਬੇ ਦੇ ਆਧਾਰ ਤੇ ਹੀ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਏਸ ਗ੍ਰੰਥ ਨੂੰ ਗੁਰੂ ਮੰਨਣ ; ਭਾਵ ਸ਼ਾਂਤਮਈ ਸਦੀਵੀ ਰਾਹ ਅਪਨਾਉਣ ਦਾ ਉਪਦੇਸ਼ ਦਿੱਤਾ।

ਗੁਰੂ ਗ੍ਰੰਥ ਵਾਰੇ ਤੇ ਗੁਰੂ ਗੋਬਿੰਦ ਸਿੰਘ ਵਾਰੇ ਅਜੇਹੇ ਨਤੀਜੇ ਕੋਈ ਆਪਣੀ ਅਕਲ ਨੂੰ ਖੂਹ ਵਿਚ ਸੁਟ ਕੇ ਹੀ ਲਿਖ ਸਕਦਾ ਹੈ ਜਾਂ ਫਿਰ ਜਾਣ ਬੁਝਕੇ ਸ਼ੈਤਾਨੀ ਤੇ ਚਾਲਾਕੀ ਨਾਲ ਗੁਰੂ ਗੋਬਿੰਦ ਸਿੰਘ ਨੂੰ ਹਿੰਸਕ ਤੇ ਗਲਤ ਰਾਹ ਪਏ ਹੋਏ ਦਸਣ ਲਈ ਅਤੇ ਖਾਲਸਾ ਪੰਥ ਦੇ ਅਸੂਲਾਂ ਵਾਰੇ ਭੁਲੇਖਾ ਪਾਉਣ ਲਈ ਹੀ ਲਿਖ ਸਕਦਾ ਹੈ।

ਉਪਰ ਲਿਖੇ ਪੈਰੇ ਵਿਚ ਲੇਖਕ ਤਿੰਨ ਗਲਾਂ ਕਹਿੰਦਾ ਹੈ

(1) ਗੁਰੂ ਗ੍ਰੰਥ ਵਿਚ ਹਿੰਸਾ ਦਾ ਇਕ ਅਖਰ ਨਹੀਂ। (2) ਗੁਰੂ ਗੋਬਿੰਦ ਸਿੰਘ (ਗੁਰੂ ਗ੍ਰੰਥ ਦੇ ਸਿਧਾਂਤ ਦੇ ਉਲਟ) ਨੇ ਹਿੰਸਾ ਕਰਨ ਦਾ ਤਜਰਬਾ ਕੀਤਾ। (3) ਆਪਣੇ ਤਜਰਬੇ ਦੇ ਆਧਾਰ ਤੇ ਸਿਖਾਂ ਨੂੰ ਹਿੰਸਾ ਤੋਂ ਰੋਕਣ ਲਈ ਆਦਿ ਗ੍ਰੰਥ ਨੂੰ ਗੁਰੂ ਥਾਪ ਦਿੱਤਾ ਤਾਕਿ ਸਿਖ ਸਦਾ ਸ਼ਾਂਤਮਈ ਦੇ ਰਾਹ ਤੇ ਚਲਣ ॥

ਪਹਿਲੀ ਗੱਲ ਇਹ ਹੈ ਕਿ ਲੇਖਕ ਨੂੰ ਪਤਾ ਹੀ ਨਹੀਂ ਕਿ ਸਿਖ ਸਿਧਾਂਤ ਅਨੁਸਾਰ "ਹਿੰਸਾ" ਅਤੇ "ਅਹਿੰਸਾ" ਕੀ ਹੈ। ਓਹ ਬ੍ਰਾਹਮਣੀ ਮਤਿ ਅਤੇ ਜੈਨਮਤਿ ਦੀ ਹਿੰਸਾ ਨੂੰ ਹੀ ਗੁਰਮਤਿ ਸਮਝ ਬੈਠੇ ਨੇ। ਇਸ ਭੁਲੇਖੇ ਨੇ ਉਹਨਾਂ ਨੂੰ ਗਲਤ ਰਾਹ ਪਾ ਕੇ ਉਹਨਾਂ ਤੋਂ ਗਲਤ ਨਤੀਜੇ ਕੱਢਵਾ ਦਿੱਤੇ। ਗੁਰਬਾਣੀ ਵਿਚ ਬ੍ਰਾਹਮਣ ਮਤਿ ਤੇ ਜੈਨ ਮਤਿ ਦੀ "ਅਹਿੰਸਾ" ਦੇ ਧਾਰਨ ਕਰਨ ਵਾਲਿਆਂ ਨੂੰ ਪਖੰਡੀ ਤੇ ਪੁਠੇ ਰਾਹ ਪਏ ਹੋਏ ਦੱਸਿਆ ਹੈ। ਜੈਨੀ ਦਰਖਤ ਨਾਲੋਂ ਫਲ ਪਤੇ ਤੋੜਨੇ ਹਿੰਸਾ ਸਮਝਦੇ ਹਨ। ਚਾਹੇ ਬੰਦਾ ਭੁਖ ਨਾਲ ਹੀ ਮਰ ਜਾਵੇ। ਓਹ ਕਹਿੰਦੇ ਹਨ ਸਭ ਬਨਸਤੀ ਵਿਚ ਜਾਨ ਹੈ ਇਸ ਲਈ ਫਲ ਫੁਲ ਤੋੜਨਾ ਹਿੰਸਾ (ਹਤਿਆ ਕਰਨਾ) ਤੇ ਪਾਪ ਹੈ। ਗੁਰਮਤਿ ਅਨੁਸਾਰ ਇਹ ਵੀਚਾਰ ਪਖੰਡ ਹੈ ਕਿਉਂਕਿ ਪਾਣੀ ਪੀਣ ਤੇ ਸਾਰਾ ਅਨਾਜ ਖਾਣ ਤੋਂ ਬਿਨਾਂ ਤਾਂ ਮਨੁੱਖ ਜਿਉਂ ਹੀ ਨਹੀਂ

NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

LIFE ■ HEALTH ■ GROUP ■
DISABILITY INSURANCE

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਂਬਕ ਹੁੰਦੀਆਂ ਹਨ
ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,
ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?

Bhupinder Dhaliwal

Off: 685-7364 Res: 589-1559



Bhupinder Dhaliwal

# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

Bhupinder(Bob) Sihota
Ph. 433-1207
Mint Auto Body Ltd.
5590 Lane Street, BURNABY, B.C. V5H 2H5






## ਸ਼ਬਾਨਾ ਆਜ਼ਮੀ

ਸਾਰਥਕ ਫਿਲਮਾਂ ਦੀ ਸਰਵੋਤਮ ਅਭਿਨੇਤਰੀ ਸ਼ਬਾਨਾ ਆਜ਼ਮੀ ਕੋਲ ਫਿਲਮੀ ਰੁਝੇਵਾਂ ਇਸ ਸਮੇਂ ਨਾਂਮਾਤਰ ਹੈ। ਉਸ ਨੂੰ ਚਾਰ ਵਾਰ ਨੈਸ਼ਨਲ ਐਵਾਰਡ ਮਿਲ ਚੁਕਾ ਹੈ। ਉਹ ਆਪਣੀਆਂ ਫਿਲਮਾਂ ਲਈ ਇਕ ਵੱਖਰਾ ਦਰਸ਼ਕ-ਵਰਗ ਪੈਦਾ ਕਰਨ ਵਿਚ ਸਫਲ ਰਹੀ ਹੈ। ਪਰ ਸ਼੍ਰਿਰੀ ਦੇਵੀ, ਹੇਮਾ ਮਾਲਿਨੀ ਵਾਂਗ ਉਹ ਲੱਖਾਂ, ਕਰੋੜਾਂ ਦੀ ਚਹੇਤੀ ਨਹੀਂ ਬਣ ਸਕੀ।

ਇਸੇ ਖਿਆਲ ਨਾਲ ਸ਼ਬਾਨਾ ਆਜ਼ਾਮੀ ਨੇ ਕਮਰਸ਼ੀਅਲ ਫਿਲਮਾਂ ਕਰਨ ਦਾ ਵੀ ਮਨ ਬਣਾ ਲਿਆ (ਪਹਿਲਾਂ ਪਹਿਲ ਉਹ ਅਜਿਹਾ ਸਮਝੌਤਾ ਕਰਨ ਨੂੰ ਤਿਆਰ ਨਹੀਂ ਸੀ) ਸ਼ਬਾਨਾ ਨੇ ਇਕ ਫਿਲਮ ਅਮਿਤਾਬ ਬਚਨ ਨਾਲ ਸਾਈਨ ਕੀਤੀ ਹੈ। ਇਸ ਫਿਲਮ ਦਾ ਡਾਇਰੈਕਟਰ ਟੀਨੂੰ ਆਨੰਦ ਹੈ ਤੇ ਫਿਲਮ ਦੀ ਕਹਾਣੀ ਸ਼ਬਾਨਾ ਦੇ ਪਤੀ ਜਾਵੇਦ ਨੇ ਲਿਖੀ ਹੈ।

## ਚਾਰੇ ਪਾਸੇ ਸੋਨਮ ਸੋਨਮ

ਅਸਲੋਂ ਨਵੀਆਂ ਅਭਿਨੇਤਰੀਆਂ ਵਿਚ ਅੱਜ ਕੱਲ ਸੋਨਮ ਦੇ ਨਾਂ ਦੀ ਹਰ ਪਾਸੇ ਚਰਚਾ ਹੈ। ਦੇਖ ਦਿਆਂ ਹੀ ਦੇਖਦਿਆਂ ਉਸ ਨੂੰ 10-12 ਫਿਲਮਾਂ ਮਿਲ ਗਈਆਂ ਹਨ। ਹਾਲਾਂ ਕਿ ਉਸ ਦੀ ਅਜੇ ਕੋਈ ਵੀ ਫਿਲਮ ਨਹੀਂ ਆਈ ਪਰ ਉਸਦੀ ਅਦਾਕਾਰੀ ਤੇ ਗਲੈਮਰ ਦੀ ਫਿਲਮੀ ਲੋਕ ਪ੍ਰਸ਼ੰਸਾ ਕਰਦੇ ਨਹੀਂ ਥੱਕਦੇ।

ਸਭ ਤੋਂ ਪਹਿਲਾਂ ਸੋਨਮ ਨੂੰ ਫਿਰੋਜ਼ ਖਾਨ ਨੇ ਨਵੀਂ ਫਿਲਮ ਲਈ ਚੁਣਿਆ ਸੀ ਪਰ ਫਿਰੋਜ਼ ਆਪਣੇ ਆਲਸੀ ਸੁਭਾਅ ਕਾਰਨ ਲੇਟ ਹੁੰਦਾ ਗਿਆ ਤੇ ਯਸ਼ ਚੋਪੜਾ ਨੇ 'ਵਿਜੇ' ਵਿਚ ਸੋਨਮ ਨੂੰ ਮਹੱਤਵਪੂਰਨ ਰੋਲ ਦੇ ਦਿੱਤਾ। ਯਸ਼ ਚੋਪੜਾ ਦੀ ਚੋਣ ਆਮ ਕਰਕੇ ਚੰਗੀ ਨਿਕਲਦੀ ਹੈ ਤੇ ਦਿਨਾਂ — ਹਫਤਿਆਂ ਵਿਚ ਹੀ ਸੋਨਮ ਨੂੰ 'ਆਖਰੀ ਅਦਾਲਤ', 'ਦਰਾਰ', 'ਆਖਰੀ ਗੁਲਾਮ', 'ਯਲਗਾਰ', 'ਕੋਹਰਾਮ', 'ਐਕਸ਼ਨ', 'ਰਈਸਜ਼ਾਦਾ', 'ਕਰੋਧ' 'ਲਸ਼ਕਰ', ਤੇ 'ਸਰ ਜ਼ਮੀਨ' ਵਰਗੀਆਂ ਫਿਲਮਾਂ 'ਚ ਰੋਲ ਮਿਲ ਗਏ ਹਨ।

ਸੋਨਮ ਨੂੰ ਲਗਿਆ ਕਿ ਉਸ ਦਾ ਫੀਲਡ ਹੁਣ ਫਿਲਮਾਂ ਹੀ ਰਹੇਗਾ, ਇਸ ਲਈ ਉਹਨੇ ਪੜ੍ਹਾਈ ਅਧੂਰੀ ਛੱਡ ਦਿੱਤੀ ਹੈ। ਮਧੂਮਤੀ — ਮਨੋਹਰ ਦੀਪਕ ਦੇ ਡਾਂਸਿਗ-ਸਕੂਲ ਤੋਂ ਉਹ ਨੱਚਣ ਦੀ ਮੁਹਾਰਤ ਹਾਸਲ ਕਰ ਚੁਕੀ ਹੈ ਤੇ ਰੋਸ਼ਨ - ਤਨੇਜਾ ਦੇ ਐਕਟਿੰਗ ਸਕੂਲ ਵਿਚੋਂ ਅਦਾਕਾਰੀ ਦਾ ਊੜਾ-ਐੜਾ ਵੀ ਸਿਖ ਲਿਆ ਹੈ।

## ਪਹਿਲੀ ਪਹਿਲੀ ਵਾਰ

- ਫਿਲਮ ਸਨਅਤ ਨਾਲ ਜੁੜੇ ਲੋਕਾਂ ਨੇ ਆਪਣੀ ਕੋਈ ਜਥੇਬੰਦੀ ਬਣਾਉਣ ਦਾ ਬੀੜਾ ਪਹਿਲੀ ਵਾਰ 1926 ਵਿਚ ਉਠਾਇਆ। ਇਸ ਦਾ ਨਾਂ 'ਦਾ ਬੰਬੇ ਸਿਨਮਾ ਐਂਡ ਥੀਏਟਰਜ਼ ਟਰੇਡ ਐਸੋਸੀਏਸ਼ਨ (ਇੰਪਾ) ਹੋਂਦ ਵਿਚ ਆਈ ਜੋ ਕਿ ਅੱਜ ਦੀ ਤਾਰੀਖ 'ਚ ਵੀ ਇਸ ਖੇਤਰ ਦੇ ਲੋਕਾਂ ਦੀ ਸਭ ਤੋਂ ਵੱਡੀ ਜਥੇਬੰਦੀ ਹੈ।
- ਭਾਰਤ ਵਿਚ ਤਿਆਰ ਹੋਣ ਵਾਲੀ ਪਹਿਲੀ ਸੰਪੂਰਨ ਟਾਕੀ ਫੀਚਰ ਫਿਲਮ ਦਾ ਨਾਂ 'ਆਲਮਆਰਾਂ' ਸੀ ਜਿਸ ਨੂੰ ਇੰਪੀਰੀਅਲ ਫਿਲਮ ਕੰਪਨੀ ਨੇ ਬਣਾਇਆ ਸੀ ਤੇ ਬੰਬਈ ਦੇ ਮੈਜਿਸਟਕ ਸਿਨੇਮਾ ਘਰ 'ਚ ਇਹ 14 ਮਾਰਚ 1931 ਨੂੰ ਰਿਲੀਜ਼ ਹੋਈ ਸੀ।
- ਪਹਿਲੀ ਭਾਰਤੀ ਟਾਕੀ ਫਿਲਮ ਜਿਸ ਨੇ ਸਿਲਵਰ ਜੁਬਲੀ ਮਨਾਈ ਦਾ ਨਾਂ 'ਸ਼ਾਮ ਸੁੰਦਰ' ਸੀ ਜੋ ਕਿ ਮਰਾਠੀ 'ਚ ਬਣੀ ਸੀ। ਇਸ ਨੇ 1932 ਵਿਚ ਬੰਬਈ ਦੇ 'ਵੈਸਟ ਐਂਡ ਸਿਨਮਾ' 'ਚ 27 ਹਫਤੇ ਕੱਢੇ ਸਨ।
- ਪਹਿਲੀ ਵਾਰ ਭਾਰਤ 'ਚ 70 ਐਮ ਐਮ ਟੈਕਨੀਕਲਰ ਤੇ ਸਟੀਰਿਓਫੋਨਿਕ ਸਾਊਂਡ ਵਾਲੀ ਫਿਲਮ 1967 'ਚ ਫਿਲਮਕਾਰ ਪਾਛੀ ਨੇ ਬਣਾਈ ਸੀ ਜਿਸ ਦਾ ਨਾਂ 'ਅਰਾਊਂਡ ਦਾ ਵਰਲਡ ਸੀ ਉਂਝ ਮਿਨਰਵਾ ਮੂਵੀਟੋਨ ਦੀ 1953 'ਚ ਬਣੀ 'ਝਾਂਸੀ ਕੀ ਰਾਣੀ' ਨੂੰ ਪਹਿਲੀ ਟੈਕਨੀਕਲਰ ਫਿਲਮ ਕਹਿਣਾ ਬਣਦਾ ਹੈ ਜੋ ਕਿ 35 ਐਮ ਐਮ 'ਚ ਤਿਆਰ ਕੀਤੀ ਗਈ ਸੀ। ਸਭ ਤੋਂ ਪਹਿਲੀ ਰੰਗਦਾਰ ਫਿਲਮ ਅਖਵਾਉਣ ਦੀ ਹੱਕਦਾਰ 'ਕਿਸਾਨ ਕੰਨਿਆ' ਹੈ ਜੋ 1937 ਵਿਚ ਤਿਆਰ ਹੋਈ ਸੀ।
- ਡਬਲ ਰੋਲ ਦੀ ਪਿਰਤ ਪਹਿਲੀ ਵਾਰ ਮਾਸਟਰ ਵਿਠਲ ਨੇ ਪਾਈ। ਉਸ ਨੇ 1927 ਵਿਚ ਸ਼ਾਰਦਾ ਫਿਲਮ ਕੰਪਨੀ ਦੀ 'ਪ੍ਰਿਜ਼ਨਰ ਆਫ ਲਵ' ਫਿਲਮ 'ਚ ਡਬਲ ਰੋਲ ਕੀਤਾ।
- ਕਿਸੇ ਕੌਮਾਂਤਰੀ ਫਿਲਮ ਮੇਲੇ 'ਚੋਂ ਇਨਾਮ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਫਿਲਮ 'ਨੀਚਾ ਨਗਰ' ਸੀ ਜਿਸ ਦੀ ਚੇਤਨ ਆਨੰਦ ਨੇ ਫਾਇਰੈਕਸ਼ਨ ਦਿੱਤੀ ਸੀ।

## 'ਵਾਰਿਸ' ਤਿਆਰ

ਡਾਇਰੈਕਟਰ ਰਵਿੰਦਰ ਪੀਪਟ ਦੀ ਫਿਲਮ 'ਵਾਰਿਸ' ਦੀ ਡਬਿੰਗ



ਕਮਾਲ ਦੀ ਅਭਿਨੇਤਰੀ ਸ਼ਬਾਨਾ ਆਜ਼ਮੀ।

ਤੇ ਮਿਕਸਿੰਗ ਆਦਿ ਸਭ ਕੁਝ ਮੁਕੰਮਲ ਹੋ ਗਿਆ ਹੈ ਤੇ ਸੈਂਸਰ ਵਲੋਂ ਹਰੀ ਝੰਡੀ ਮਿਲਦਿਆਂ ਹੀ ਇਹ ਸਿਨੇਮਾ ਘਰਾਂ 'ਚ ਪ੍ਰਵੇਸ਼ ਕਰ ਜਾਵੇਗੀ। 'ਵਾਰਿਸ' ਨੂੰ 'ਚੰਨ ਪ੍ਰਦੇਸੀ' ਵਾਲੀ ਟੀਮ ਸੇਢਾ, ਗਿੱਲ ਤੇ ਚੀਮਾ ਨੇ ਬਣਾਇਆ ਹੈ। 'ਏਕ ਚਾਦਰ ਮੈਲੀ ਸੀ' ਵਾਂਗ 'ਵਾਰਿਸ' ਵੀ ਪੰਜਾਬੀ ਸਭਿਆਚਾਰ ਤੇ ਪੰਜਾਬੀ ਮਾਹੌਲ ਨਾਲ ਓਤਪੋਤ ਫਿਲਮ ਹੈ। ਮਰਹੂਮ ਸਮਿਤਾ ਪਾਟਿਲ ਤੋਂ ਇਲਾਵਾ ਕੁਲਭੂਸ਼ਨ ਖਰਬੰਦਾ, ਅੰਮ੍ਰਿਤਾ ਸਿੰਘ, ਰਾਜ ਬੱਬਰ, ਅਮਰੀਸ਼ ਪੁਰੀ ਤੇ ਅੰਮ੍ਰਿਤਪਾਲ ਇਸ ਦੇ ਮੁਖ ਸਿਤਾਰਿਆਂ 'ਚੋਂ ਹਨ।

## ਜੈਕੀ ਸ਼ਰਾਫ ਦੀ ਘਬਰਾਹਟ

ਭਾਵੇਂ ਮਹੇਸ਼ ਭੱਟ ਦੀ ਫਿਲਮ 'ਕਾਸ਼' ਨੂੰ ਸੰਜੀਦਾ ਦਰਸ਼ਕਾਂ ਵਲੋਂ ਨਿੱਘਾ ਹੁੰਗਾਰਾ ਮਿਲਿਆ ਹੈ ਪਰ ਆਮ ਲੋਕਾਂ ਦੀ ਪਸੰਦ-ਕਸਵੱਟੀ 'ਤੇ ਇਹ ਫਿਲਮ ਖਰੀ ਨਹੀਂ ਉਤਰੀ। ਨਤੀਜੇ ਵਲੋਂ ਫਿਲਮ ਦਾ ਹੀਰੋ ਜੈਕੀ ਸ਼ਰਾਫ ਫੇਰ ਇਕ ਵਾਰ ਘਬਰਾ ਗਿਆ ਹੈ ਕਿਉਂਕਿ ਜੋ ਪਿਛਲੇ ਕਾਫੀ ਅਰਸੇ ਤੋਂ ਉਹਦੀਆਂ ਫਿਲਮਾਂ ਫੇਲ੍ਹ ਹੁੰਦੀਆਂ ਆ ਰਹੀਆਂ ਹਨ।



ਜੈਕੀ ਸ਼ਰਾਫ ਤੇ ਟੀਨਾ ਮੁਨੀਮ

ਇਸ ਦੇ ਨਾਲ ਹੀ ਜੈਕੀ ਨੂੰ ਹੀਰੋ ਲੈ ਕੇ ਜਿਹੜੇ ਫਿਲਮਕਾਰਾਂ ਦੀਆਂ ਫਿਲਮਾਂ ਅਜੇ ਬਣ ਰਹੀਆਂ ਹਨ, ਉਹ ਘਬਰਾਏ ਫਿਰ ਰਹੇ ਹਨ ਕਿਉਂ ਜੋ ਉਹੀਓ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਡਿਸਟਰੀਬਿਊਟਰਾਂ ਨੂੰ ਖਿਚਦੀ ਹੈ ਜਿਸ ਵਿਚਲੇ ਕਲਾਕਾਰਾਂ ਦਾ ਨਾਂ ਚਲਦਾ ਹੋਵੇ। ਫੇਲ੍ਹ ਐਕਟਰ ਦੀ ਫਿਲਮ ਖਰੀਦਣ ਲਈ ਅਕਸਰ ਨੱਕ-ਮੂੰਹ ਵੱਟਿਆ ਜਾਂਦਾ ਹੈ ਉਂਜ ਜੈਕੀ ਸ਼ਰਾਫ ਕੋਲ ਅਜੇ ਦੋ ਦਰਜਨ ਫਿਲਮਾਂ ਹਨ ਜਿਨ੍ਹਾਂ ਵਿਚੋਂ 'ਕੁਦਰਤ ਕਾ ਕਾਨੂੰਨ' ਅਤੇ 'ਗੰਗਾ ਤੇਰੇ ਦੇਸ਼ ਮੇਂ' ਨੇੜ ਭਵਿਖ 'ਚ ਆ ਜਾਣਗੀਆਂ। ਇਹ ਦੋਹੇਂ ਫਿਲਮਾਂ ਨਿਰਮਾਤਾ ਕੇ. ਸੀ. ਬੋਕਾਡੀਆ ਦੀਆਂ ਹਨ।

**ਨੋਟ :— ਅਗਲੇ ਅੰਕਾਂ ਵਿਚ ਓਮਪੁਰੀ, ਰਣਜੀਤਾ, ਵਿਜੇਤਾ ਪੰਡਿਤ ਤੇ ਹੋਰ ਕਲਾਕਾਰਾਂ ਨਾਲ ਵੈਨਕੂਵਰ ਵਿਚ ਕੀਤੇ ਗਏ ਇੰਟਰਵੀਊ ਪ੍ਰਕਾਸ਼ਤ ਕੀਤੇ ਜਾਣਗੇ।**

## ਅਮਿਤਾਭ ਕਾਰਨ ਦੇ ਭਰਾ ਘਸੁੰਨ-ਮੁੱਕੀ ਹੋਏ

ਅਮਿਤਾਭ ਬੱਚਨ ਅਤੇ ਸੁਭਾਸ਼ ਘਈ ਵਿਚਕਾਰ ਫਿਲਮ 'ਦੇਵਾ' ਦੇ ਬੰਦ ਹੋਣ ਨੂੰ ਲੈ ਕੇ ਜੋ ਵਾਦ ਵਿਵਾਦ ਛਿੜ ਚੁਕਿਆ ਹੈ ਉਸ ਬਾਰੇ ਅਜੇ ਵੀ ਫਿਲਮ ਇੰਡਸਟਰੀ ਵਿਚ ਕਈ ਤਰ੍ਹਾਂ ਦੇ ਅਟਕਲਪੱਚੂ ਲਾਏ ਜਾ ਰਹੇ ਹਨ। ਬੀਤੇ ਦਿਨੀਂ ਅਮਿਤਾਭ ਦੇ ਚਮਚੇ ਨਿਰਮਾਤਾਵਾਂ ਵਿਚ ਘੁੰਮ ਰਹੇ ਇਕ ਭੇਤੀ ਨੇ ਦੱਸਿਆ ਕਿ ਚਮਚਿਆਂ ਨੇ ਅਮਿਤਾਭ ਦਾ ਦਿਮਾਗ ਇੰਨਾ ਉਤਾਂਹ ਚੁੱਕ ਦਿੱਤਾ ਹੈ ਕਿ ਉਸ ਨੂੰ ਹਰ ਨਿਰਦੇਸ਼ਕ ਨਿਰਦੇਸ਼ਕ ਘੱਟ ਤੇ ਚਮਚਾ ਜ਼ਿਆਦਾ ਚਾਹੀਦਾ ਹੈ। ਇਹ ਵੀ ਪਤਾ ਲੱਗਾ ਕਿ ਸੁਭਾਸ਼ ਘਈ ਤੇ ਅਮਿਤਾਭ ਬੱਚਨ ਵਿਚਕਾਰ ਦਰਾੜ ਪੈਦਾ ਕਰਨ ਵਿਚ ਇਨ੍ਹਾਂ ਚਮਚੇ ਪ੍ਰੋਡਿਊਸਰਾਂ ਨੇ ਕਾਫੀ ਵੱਡਾ ਰੋਲ ਅਦਾ ਕੀਤਾ ਹੈ। ਦੋਹਾਂ ਵਿਚਕਾਰ, ਪ੍ਰਾਈਸ ਦਾ ਮਾਮਲਾ ਤਹਿ ਹੋ ਚੁਕਾ ਸੀ ਪਰ ਜਦੋਂ ਇਹਨਾਂ ਪ੍ਰੋਡਿਊਸਰਾਂ ਨੂੰ ਪਤਾ ਲੱਗਾ ਕਿ ਅਮਿਤਾਭ ਸਾਡੇ ਕੋਲੋਂ ਤਾਂ ਇਕ ਵੱਡਾ ਫਿਲਮੀ ਖੇਤਰ ਸਦਾ ਲਈ ਆਪਣੇ ਨਾਂ ਲਿਖਾ ਲੈਂਦਾ ਹੈ ਅਤੇ ਸੁਭਾਸ਼ ਘਈ ਨਾਲ ਉਹ ਨਿਸਚਿਤ ਪ੍ਰਾਈਸ ਤੇ ਕੰਮ ਕਰ ਰਿਹਾ ਹੈ ਤਾਂ ਉਹ ਇਕੱਠੇ ਹੋ ਕੇ ਅਮਿਤਾਭ ਕੋਲ ਜਾ ਕੇ ਪਿੱਟੇ ਕਿ ਦੇਖ 'ਅਸੀਂ ਤੇਰੀ ਹਰ ਗੱਲ ਮੰਨਦੇ ਹਾਂ, ਤੇਰੇ ਲਈ 'ਮੌਜ ਮੇਲੇ' ਦਾ ਪ੍ਰਬੰਧ ਕਰਦੇ ਹਾਂ ਤੇ ਸਾਰੀ ਇੰਡਸਟਰੀ ਕੋਲੋਂ ਤੇਰੇ ਚਮਚੇ ਹੋਣ ਦੀਆਂ ਤੁਹਮਤਾਂ ਸੁਣਦੇ ਹਾਂ ਤੇ ਤੂੰ ਘਈ ਨਾਲ ਰਿਆਇਤ ਕਰਕੇ ਸਾਡੇ ਨਾਲ ਬੇਇਨਸਾਫੀ ਕਰ ਰਿਹਾ ਏਂ।' ਇਨ੍ਹਾਂ ਚਮਚਿਆਂ ਦੇ ਅਸਰ ਹੇਠ ਆ ਕੇ ਅਮਿਤਾਭ ਨੇ ਸੁਭਾਸ਼ ਘਈ ਨੂੰ ਕਿਹਾ ਕਿ ਉਸ ਨੂੰ ਵੀ ਉਸ ਦੇ ਹੋਰ ਨਿਰਮਾਤਾਵਾਂ ਵਾਂਗ, ਇਕ ਪੂਰਾ ਫਿਲਮੀ ਖੇਤਰ ਉਸ ਦੇ ਨਾਂ ਸਦਾ ਲਈ ਲੁਆਉਣਾ ਪਏਗਾ ਤਾਂ ਘਈ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਨੇ ਫੈਸਲਾ ਕੀਤਾ ਕਿ ਉਹ ਫਿਲਮ ਨੂੰ ਬੰਦ ਕਰ ਦੇਵੇਗਾ। ਪਰ ਉਸ ਨੇ ਅਮਿਤਾਭ ਦੀ ਚਾਪਲੂਸੀ ਜਾਰੀ ਰੱਖੀ ਤਾਂ ਕਿ ਅਮਿਤਾਭ ਨੂੰ ਪਤਾ ਨਾ ਲੱਗ ਸਗੇ ਕਿ ਉਹ ਫਿਲਮ ਦਾ ਮਾਮਲਾ ਪ੍ਰੈਸ ਕੋਲ ਲਿਜਾ ਰਿਹਾ ਹੈ। ਉਸ ਨੇ ਫੌਰਨ ਪ੍ਰੈਸ ਵਾਲਿਆਂ ਨੂੰ ਬੁਲਾਇਆ ਤੇ ਫਿਲਮ ਨੂੰ 'ਬਰਫ' ਵਿਚ ਲਾਉਣ ਦਾ ਐਲਾਨ ਕਰ ਦਿੱਤਾ। ਨਾਲ ਹੀ ਕਈ ਗੱਲਾਂ ਵਿਚ ਉਸਨੇ ਅਮਿਤਾਭ ਦੀ ਐਸੀ ਤੈਸੀ ਫੇਰ ਕੇ ਰੱਖ ਦਿੱਤੀ। ਉਸ ਨੇ ਕਿਹਾ ਕਿ ਠੀਕ ਹੈ ਅਮਿਤਾਭ ਇਕ ਬਹੁਤ ਵੱਡਾ ਐਕਟਰ ਹੈ ਪਰ ਮੈਂ ਵੀ ਸੁਭਾਸ਼ ਘਈ ਹਾਂ, ਮੈਂ ਜੇਕਰ ਕੁੱਤੇ ਅਤੇ ਬੱਚੇ ਨੂੰ ਲੈ ਕੇ ਵੀ ਫਿਲਮ ਬਣਾਵਾਂਗਾ ਤਾਂ ਵੀ ਮੈਨੂੰ ਫਿਲਮ ਖਰੀਦਣ ਵਾਲੇ ਗਾਹਕ ਮਿਲ ਜਾਣਗੇ।



ਦੂਜੇ ਪਾਸੇ ਅਮਿਤਾਭ ਬੱਚਨ ਵੱਲੋਂ 'ਸ਼ਹਿਨਸ਼ਾਹ' ਦੀ ਰਿਲੀਜ਼ ਅਗੇ ਕਰ ਦੇਣ ਦੇ ਫੈਸਲੇ ਨਾਲ ਨਿਰਮਾਤਾ ਭਰਾਵਾਂ ਟੀਨੂ ਅਨੰਦ ਅਤੇ ਬਿੱਟੂ ਅਨੰਦ ਵਿਚਕਾਰ ਬੋਲਚਾਲ ਬੰਦ ਹੋ ਚੁਕੀ ਹੈ। ਕਿਹਾ ਜਾਂਦਾ ਹੈ ਕਿ ਦੋਹਾਂ ਵਿਚਕਾਰ ਮਦਰਾਸ ਦੇ ਹੋਟਲ ਵਿਚ ਜੰਮ ਕੇ ਲੜਾਈ ਹੋਈ, ਦੋਹਾਂ ਨੂੰ ਘਸੁੰਨ-ਮੁੱਕੀ ਹੋਇਆਂ ਨੂੰ ਛੁਡਾਉਂਦਿਆਂ ਫਿਲਮ ਦੇ ਇਕ ਤਕਨੀਸ਼ੀਅਨ ਨੂੰ ਵੀ ਕਾਫੀ ਹੂਰੇ ਖਾਣੇ ਪਏ ਅਤੇ ਉਸ ਦੇ ਕਾਫੀ ਸੱਟਾਂ ਵੱਜੀਆਂ। ਕਿਹਾ ਜਾਂਦਾ ਹੈ ਕਿ ਬਿੱਟੂ ਅਨੰਦ ਟੀਨੂ ਤੇ ਦੋਸ਼ ਲਾ ਰਿਹਾ ਸੀ ਕਿ ਉਹ ਅਮਿਤਾਭ ਦਾ ਚਮਚਾ ਹੋਣ ਦੀ ਵਜ੍ਹਾ ਨਾਲ ਫਿਲਮ ਦੀ ਰਿਲੀਜ਼ ਅੱਗੇ ਪਾ ਕੇ ਲੱਖਾਂ ਦਾ ਨੁਕਸਾਨ ਕਰਾ ਰਿਹਾ ਹੈ। ਦੂਜੇ ਪਾਸੇ ਟੀਨੂ ਬੜੇ ਫਖਰ ਨਾਲ ਕਹਿ ਰਿਹਾ ਸੀ ਕਿ ਉਹ ਅੱਜ ਜੋ ਕੁਝ ਵੀ ਹੈ, ਅਮਿਤਾਭ ਕਾਰਨ ਹੈ ਤੇ ਉਸ ਨੂੰ ਅਮਿਤਾਭ ਦਾ ਚਮਚਾ ਕਹਾਉਣ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਹੋ ਰਹੀ

'ਸ਼ਹਿਨਸ਼ਾਹ' ਦੀ ਦੇਰੀ ਨੇ ਦੋ ਸਕੇ ਭਰਾਵਾਂ ਨੂੰ ਅਲੱਗ-ਥਲੱਗ ਕਰ ਦਿੱਤਾ ਹੈ।



●ਵਿਅੱਕਤੀ—"ਡਾਕਟਰ ਸਾਹਿਬ ਜ਼ਰਾ ਘਰ ਚਲ ਕੇ ਵੇਖਣਾ ਮੇਰੀ ਪਤਨੀ ਦੀ ਆਵਾਜ਼ ਬੰਦ ਹੋ ਗਈ ਹੈ" ਘਬਰਾਈ ਹੋਈ ਆਵਾਜ਼ ਵਿਚ ਉਹ ਬੋਲਿਆ।

ਡਾਕਟਰ—"ਮੇਰੇ ਜਾਣ ਦੀ ਕੋਈ ਜ਼ਰੂਰਤ ਨਹੀਂ ਹੈ, ਰਾਤ ਨੂੰ ਦੇਰ ਨਾਲ ਘਰ ਜਾਣਾ। ਆਪਣੇ ਆਪ ਆਵਾਜ਼ ਖੁਲ ਜਾਏਗੀ।"

-●-●-●-●-●-

# ਧਾਰਮਿਕ ਅਸਥਾਨਾਂ ਤੋਂ ਰਾਸ਼ਟਰ ਵਿਰੋਧੀ ਤਕਰੀਰਾਂ ਦੀ ਆਗਿਆ ਨਹੀਂ — ਰਿਬੇਰੋ

ਜਲੰਧਰ — ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਅਤੇ ਅੰਦਰੂਨੀ ਸੁਰੱਖਿਆ ਸਕੱਤਰ ਜੂਲੀਅਸ ਫਰਾਂਸਿਸ ਰਿਬੇਰੋ ਨੇ ਇਹ ਗੱਲ ਫਿਰ ਦੁਹਰਾਈ ਹੈ ਕਿ ਪੁਲੀਸ ਦਹਿਸ਼ਤਵਾਦ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਦ੍ਰਿੜ੍ਹ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਕਿਸੇ ਵੀ ਧਾਰਮਿਕ ਇਕੱਤਰਤਾ ਦੇ ਆਯੋਜਨ ਦੇ ਵਿਰੁਧ ਨਹੀਂ ਪਰ ਧਾਰਮਿਕ ਮੰਚਾਂ ਤੋਂ ਰਾਸ਼ਟਰ ਵਿਰੋਧੀ ਤਕਰੀਰਾਂ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਇਹ ਪੁੱਛੇ ਜਾਣ ਉਤੇ ਕਿ ਕੀ ਦਹਿਸ਼ਤਪਸੰਦਾਂ ਵਾਂਗ ਪੁਲੀਸ ਨੂੰ ਵੀ ਅਤੀ ਆਧੁਨਿਕ ਹਥਿਆਰਾਂ ਨਾਲ ਲੈਸ ਕਰ ਦਿੱਤਾ ਗਿਆ ਹੈ, ਸ੍ਰੀ ਰਿਬੇਰੋ ਨੇ ਕਿਹਾ ਕਿ ਪੁਲੀਸ ਇਸ ਵੇਲੇ ਪੂਰੀ ਤਰਾਂ ਹਥਿਆਰਬੰਦ ਹੈ ਤੇ ਇਸ ਸਮੱਸਿਆ ਦੇ ਹੱਲ ਲਈ ਪੁਲੀਸ ਦਾ ਮਨੋਬਲ ਵੀ ਬਹੁਤ ਉਚਾ ਹੈ। ਪੱਤਰਕਾਰਾਂ ਵਲੋਂ ਇਹ ਪੁਛੇ ਜਾਣ 'ਤੇ ਕਿ ਪੰਜਾਬ ਸਮੱਸਿਆ ਦੇ ਹੱਲ ਵਾਸਤੇ ਕੀ ਪ੍ਰਸ਼ਾਸਕੀ ਕਦਮ ਹੀ ਕਾਰਗਰ ਹਨ ? ਇਸ ਖੂਨ ਖਰਾਬੇ ਦੇ ਬਦਲ ਵਿਚ ਕੋਈ ਹੋਰ ਕੀ ਉਪਾਅ ਹੈ ? ਸ੍ਰੀ ਰਿਬੇਰੋ ਨੇ ਕਿਹਾ 'ਮੈਂ ਆਪਣਾ ਕੰਮ ਕਰ ਰਿਹਾ ਹਾਂ।' ਇਕ ਹੋਰ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ, 'ਦਹਿਸ਼ਤਪਸੰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਕੋਈ ਵੀ ਵਾਪਸ ਨਹੀਂ ਲਿਆ ਸਕਦਾ ਪਰ ਸਰਕਾਰ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਆਪਣੇ ਫਰਜ਼ ਤੋਂ ਪਰ੍ਹਾਂ ਨਹੀਂ ਹਟ ਰਹੀ।' ਉਨ੍ਹਾਂ ਕਿਹਾ ਕਿ ਦਹਿਸ਼ਤਪਸੰਦਾਂ ਹਥੋਂ ਮਾਰੇ ਗਏ ਕਿਸੇ ਵੀ ਪੁਲੀਸ ਮੁਲਾਜ਼ਮ ਦੀ ਆਖਰੀ ਤਨਖਾਹ ਉਸ ਦੀ ਪਤਨੀ ਲਈ ਚਾਲੂ ਕਰ ਦਿੱਤੀ ਜਾਂਦੀ ਹੈ, ਇਕ ਲੱਖ ਰੁਪਏ ਦਾ ਮੁਆਵਜ਼ਾ ਤੇ ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਦੇ ਦਿੱਤੀ ਜਾਂਦੀ ਹੈ। ਸ੍ਰੀ ਰਿਬੇਰੋ ਨੇ ਲੋਕ ਸ਼ਕਤੀ ਸਮਾਗਮਾਂ ਦੇ ਸਬੰਧ ਵਿਚ ਬੋਲਦਿਆਂ ਦੱਸਿਆ ਕਿ ਸਿਵਲ ਅਤੇ ਪੁਲੀਸ ਅਫਸਰਾਂ ਦੇ ਆਪਸੀ ਸਬੰਧ ਵਧੀਆ ਹਨ।

● ਮੰਤਰੀ ਸਾਹਿਬ ਬਹੁਤ ਸਮੇਂ ਬਾਅਦ ਆਪਣੇ ਚੁਣਾਵ ਖੇਤਰ ਵਿਚ ਪਧਾਰੇ ਸੀ। ਪੇਂਡੂ ਲੋਕਾਂ ਦੇ ਸਾਹਮਣੇ ਭਾਸ਼ਨ ਦਿੰਦੇ ਹੋਏ ਉਹਨਾਂ ਨੇ ਕਿਹਾ, 'ਅਜ ਮੈਂ ਜੋ ਕੁਝ ਵੀ ਹਾਂ ਸਭ ਤੁਹਾਡੀ ਕ੍ਰਿਪਾ ਨਾਲ ਹੈ।' ਇਹ ਸੁਣ ਕੇ ਇਕ ਪਿਡ ਦੇ ਨਿਵਾਸੀ ਨੇ ਕਿਹਾ, 'ਇਸੇ ਗੱਲ ਦਾ ਤਾਂ ਰੋਣਾ ਹੈ, ਮੰਤਰੀ ਸਾਹਿਬ।'

# 28 ਤਾਮਿਲ ਬਾਗ਼ੀ ਮਾਰੇ ਗਏ

ਕੋਲੰਬੋ — ਸ੍ਰੀ ਲੰਕਾ ਵਿਚ ਸ਼ਾਂਤੀ ਸਥਾਪਤ ਕਰਨ ਗਈ ਭਾਰਤੀ ਫੌਜਾਂ ਨਾਲ ਟੱਕਰ ਵਿਚ 28 ਤਾਮਿਲ ਬਾਗ਼ੀ ਮਾਰੇ ਜਾਣ ਦੀ ਖਬਰ ਹੈ। ਕੋਰਾਟੀਵੂ ਆਈਲੈਂਡ ਉਤੇ ਜੋ ਉਤਰੀ ਸ੍ਰੀਲੰਕਾ ਵਿਚ ਸਥਿਤ ਹੈ ਮੰਗਲਵਾਰ ਨੂੰ ਹੋਈ ਇਸ ਟੱਕਰ ਵਿਚ ਦੋ ਦਰਜਨ ਦੇ ਕਰੀਬ ਬਾਗ਼ੀ ਜ਼ਖਮੀ ਹੋਏ। ਇਹ ਹਮਲਾ ਭਾਰਤੀ ਫੌਜ ਨੇ ਅਚਾਨਕ ਕੀਤਾ। ਭਾਰਤੀ ਫੌਜ ਦੇ ਨੁਕਸਾਨ ਬਾਰੇ ਕੋਈ ਖਬਰ ਨਹੀਂ ਹੈ।

ਇਹ ਜਜ਼ੀਰਾ ਜਾਫਨਾ ਤੋਂ ਕੁਝ ਮੀਲਾਂ ਦੀ ਦੂਰ ਉਤੇ ਹੈ ਅਤੇ ਤਾਮਿਲ ਬਾਗੀ ਇਸ ਜਜ਼ੀਰੇ ਵਿਚ ਸ਼ਰਨ ਲੈ ਰਹੇ ਸਨ। ਤਾਮਿਲ ਬਾਗੀ ਵੱਖਰੇ ਦੇਸ਼ ਲਈ ਪਿਛਲੇ ਚਾਰ ਸਾਲ ਤੋਂ ਲੜ ਰਹੇ ਹਨ।

## ਸਿਨਹਾਲੀ ਅਤਿਵਾਦੀ ਵੀ ਸਰਗਰਮ

ਬਹੁਗਿਣਤੀ ਸਿਨਹਾਲੀਆਂ ਵਿਚ ਵੀ ਅਤਿਵਾਦੀ ਧੜੇ ਪੈਦਾ ਹੋ ਗਏ ਹਨ ਜੋ ਇਹ ਸਮਝਦੇ ਹਨ ਕਿ ਭਾਰਤ ਦੀ ਦਖਲ ਅੰਦਾਜ਼ੀ ਕਾਰਨ ਤਾਮਿਲਾਂ ਨੂੰ ਵੱਧ ਅਧਿਕਾਰ ਮਿਲ ਗਏ ਹਨ। ਪਿਛਲੇ 48 ਘੰਟਿਆਂ ਵਿਚ ਸਿਨਹਾਲੀ ਅਤਿਵਾਦੀਆਂ ਵਲੋਂ ਤਿੰਨ ਬੰਦੇ ਮਾਰ ਦਿਤੇ ਗਏ ਹਨ। ਰਾਜ ਕਰ ਰਹੀ ਪਾਰਟੀ ਯੂਨਾਈਟਿਡ ਨੈਸ਼ਨਲ ਪਾਰਟੀ ਦੇ ਚਾਰ ਕਾਰਕੁਨ ਵੀ ਲਾਪਤਾ ਹਨ ਜਿਨ੍ਹਾਂ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਉਹ ਮਾਰੇ ਜਾ ਚੁਕੇ ਹਨ।

# ਹਿਸਾਰ 'ਚ ਕਤਲ ਪਿਛੋਂ ਤਣਾਅ

ਚੰਡੀਗੜ੍ਹ — ਇਥੇ ਪੁਜੀਆਂ ਸੂਚਨਾਵਾਂ ਅਨੁਸਾਰ ਜ਼ਿਲਾ ਹਿਸਾਰ ਦੇ ਸ਼ਹਿਰ ਹਾਂਸੀ ਵਿਚ ਨਗਰਪਾਲਕਾ ਦੀ ਪ੍ਰਧਾਨਗੀ ਚੋਣ ਦੇ ਉਮੀਦਵਾਰ ਸ੍ਰੀ ਕ੍ਰਿਸ਼ਨ ਕੁਮਾਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਪ੍ਰਧਾਨਗੀ ਚੋਣ ਹੋਣੀ ਸੀ ਜਿਸ ਨੂੰ ਮੁਲਤਵੀ ਕਰ ਦਿੱਤਾ ਗਿਆ। ਉਹ 40 ਸਾਲਾਂ ਦੇ ਸਨ ਤੇ ਕਾਂਗਰਸ (ਇ) ਦੇ ਹਮਾਇਤੀ ਸਨ। ਹਾਂਸੀ ਪੁਲਸ ਨੇ ਕਤਲ ਦਾ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਕਤਲ ਕਾਰਨ ਸਾਰੇ ਹਾਂਸੀ ਵਿਚ ਤਣਾਅ ਪੈਦਾ ਹੋ ਗਿਆ। ਸ਼ਹਿਰ ਵਿਚ ਦਫਾ 144 ਲਾਗੂ ਕਰ ਦਿੱਤੀ ਗਈ ਹੈ। ਡੀ ਆਈ ਜੀ ਹਿਸਾਰ ਰੇਂਜ ਸ੍ਰੀ ਬੁਧ ਰਾਮ ਤੇ ਐਸ ਪੀ ਹਿਸਾਰ ਸ੍ਰੀ ਲੱਖੀ ਰਾਮ ਤੁਰੰਤ ਮੌਕੇ ਤੇ ਪੁਜੇ। ਤਣਾਅ ਨੂੰ ਦੇਖਦਿਆਂ ਉਥੇ ਹੋਰ ਫੋਰਸ ਭੇਜੀ ਗਈ ਹੈ। ਦੁਪਹਿਰ ਪਿਛੋਂ ਸ੍ਰੀ ਕ੍ਰਿਸ਼ਨ ਕੁਮਾਰ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ ਜਿਸ ਵਿਚ ਕਈ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ।

# ਪੰਜਾਬੀ ਆਰਟਿਸਟ ਐਸੋਸੀਏਸ਼ਨ ਆਫ਼ ਰਿਚਮੰਡ ਵਲੋਂ ਕਵੀ ਦਰਬਾਰ

ਰਿਚਮੰਡ — 11 ਨਵੰਬਰ 1987 ਨੂੰ ਦਿਨ ਬੁੱਧਵਾਰ ਨੂੰ ਪੰਜਾਬੀ ਆਰਟਿਸਟ ਐਸੋਸੀਏਸ਼ਨ ਆਫ ਰਿਚਮੰਡ ਵਲੋਂ ਪੰਜਾਬੀ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਵੈਨਕੂਵਰ ਦੇ ਪੰਜਾਬੀ ਕਵੀ ਭਾਗ ਲੈਣਗੇ।

ਇਸ ਕਵੀ ਦਰਬਾਰ ਵਿਚ ਤਿੰਨ ਉਘੇ ਕਵੀ ਆਪਣੀਆਂ ਕਵਿਤਾਵਾਂ ਦੇ ਨਾਲ ਨਾਲ ਆਪਣੀ ਕਵਿਤਾ ਦੇ ਲਿਖਣ ਢੰਗ ਬਾਰੇ ਵੀ ਆਪਣੇ ਵਿਚਾਰ ਦੱਸਣਗੇ। ਇਨ੍ਹਾਂ ਤੋਂ ਬਿਨਾਂ ਹੋਰ ਪੰਜਾਬੀ ਕਵੀ ਵੀ ਕਵੀ ਦਰਬਾਰ ਵਿਚ ਹਿਸਾ ਲੈਣਗੇ।

ਇਹ ਕਵੀ ਦਰਬਾਰ ਈਸਟ ਰਿਚਮੰਡ ਕਮਿਊਨਿਟੀ ਸੈਂਟਰ 12360 ਕੈਂਬੀ ਰੋਡ ਰਿਚਮੰਡ ਵਿਖੇ ਕੀਤਾ ਜਾ ਰਿਹਾ ਹੈ।

ਹੋਰ ਜਾਣਕਾਰੀ ਲਈ ਫ਼ੋਨ ਕਰੋ :—

**ਪਾਲ ਬਿਨਿੰਗ — 270-9467**

## ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ

**'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ :**
**ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ**

**ਫੋਨ : 581-4473**

● ਆਪਣੀ ਝਗੜਾਲੂ ਪਤਨੀ ਤੋਂ ਤੰਗ ਆ ਕੇ ਇਕ ਵਿਅਕਤੀ ਗੁਆਂਢ ਦੇ ਚਿੜੀਆ ਘਰ ਵਿਚ ਇਕ ਸ਼ੇਰ ਦੇ ਪਿੰਜਰੇ ਵਿਚ ਜਾ ਕੇ ਸੌਂ ਗਿਆ। ਸਵੇਰੇ ਉਸਦੀ ਪਤਨੀ ਉਸਨੂੰ ਲਭਦੀ ਹੋਈ ਪਹੁੰਚ ਗਈ ਅਤੇ ਜ਼ੋਰ ਨਾਲ ਚੀਕਣ ਲੱਗ ਪਈ, 'ਡਰਪੋਕ ਕਿਸੇ ਥਾਂ ਦੇ। ਮੇਰੇ ਕੋਲੋਂ ਡਰ ਕੇ ਇਥੇ ਸ਼ੇਰ ਦੇ ਪਿੰਜਰੇ ਵਿਚ ਲੁਕ ਗਿਆ ਹੈ।'


**Business Financial Planning**





Taking Care of Your Family and Business





Recruiting and Retaining Key Employees





Affordable Retirement Packages for You and Your Employees

**Find Out More About The Plan(s) That Interest You Call Your Financial Planner and Complete Brokerage Service:**



**Sudesh Kalia**
**Bus: (604) 685-9335**
**Res: (604) 254-5837**

NORTH AMERICAN LIFE

# GILL AUTO SALES

DLR #8220

7762 - Edmonds St., Burnaby, B.C.

Ph. 522- 2122

## ਕਾਰਾਂ ਦੀ ਸੇਲ ਦਾ ਜ਼ਬਰਦਸਤ ਧਮਾਕਾ

**ਪਹਿਲੀ ਐਨੀਵਰਸਰੀ ਸੇਲ ਦੀ ਕਾਮਯਾਬੀ ਕਾਰਨ**
**ਸੇਲ ਅਗਲੇ ਹ਼ਫਤੇ ਤੱਕ ਵਧਾ ਦਿੱਤੀ ਗਈ**

**ਅੱਜ ਹੀ ਗਿੱਲ ਆਟੋ ਸੇਲਜ਼ ਉਤੇ ਪਹੁੰਚੋ ਤੇ ਆਪਣੀ ਮਰਜ਼ੀ ਦੀ ਕਾਰ, ਪਿਕ-ਅੱਪ ਜਾਂ ਵੈਨ ਖਰੀਦੋ**

ਮਾਯੂਸੀ ਤੋਂ ਬਚਣ ਲਈ ਹੁਣ ਪ੍ਰਲਾਦ ਗਿੱਲ ਨੂੰ ਫ਼ੋਨ ਕਰੋ :

## SPECIAL RATE FOR:

**GILL VAN CONVERSION**
Special van interior from **$699.00 each**
Brand new bench seats from **$250.00 each**
Captain chairs from **$195.00 ea.**
Sofa beds from **$425.00 ea.**

*Full line of van accessery also available*
*Come & ask for free estimate*
*No obligation or*

**GILL AUTO REPAIR**
- Certified mechanic
- Cheapest rate
- Guaranteed work

***For more information call:***

**Ph. 522-2122**

Parlad Gill

ਹੋਰ ਜਾਣਕਾਰੀ ਫੋਨ ਕਰੋ :
ਪ੍ਰਲਾਦ ਗਿੱਲ

# ਗਿੱਲ ਆਟੋ ਸੇਲਜ਼

7762 - ਇਡਮੰਡਜ਼ ਸਟਰੀਟ, ਬਰਨਬੀ, ਬੀ. ਸੀ.

ਫ਼ੋਨ : 522-2122